16-FEB-PAGE-1.qxd 2/15/2025 10:31 PM Page 1

ਐਤਵਾਰ, 16 ਫਰਵਰੀ, 2025
5 ਫੱਗਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 257

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • SUNDAY, 16 FEBRUARY, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

ਕਿਸਾਨਾਂ ਦਾ 5 ਤੋਂ ਚੰਡੀਗੜ੍ਹ 'ਚ ਪੱਕਾ ਮੋਰਚਾ

ਚੰਡੀਗੜ੍ਹ : ਸੰਯੁਕਤ ਕਿਸਾਨ ਮੋਰਚਾ ਵੱਲੋਂ ਕਿਸਾਨੀ ਮੰਗਾਂ ਨੂੰ ਲੈ ਕੇ 5 ਮਾਰਚ ਤੋਂ ਚੰਡੀਗੜ੍ਹ ਵਿੱਚ ਪੱਕਾ ਮੋਰਚਾ ਲਗਾਇਆ ਜਾਵੇਗਾ।

ਇਸ ਗੱਲ ਦਾ ਪ੍ਰਗਟਾਵਾ ਬੂਟਾ ਸਿੰਘ ਬੁਰਜਗਿਲ, ਬਲਬੀਰ ਸਿੰਘ ਰਾਜੇਵਾਲ, ਲਖਵਿੰਦਰ ਸਿੰਘ ਲੱਖੋਵਾਲ, ਰਮਿੰਦਰ ਸਿੰਘ ਪਟਿਆਲਾ, ਰੁਲਦੂ ਸਿੰਘ ਮਾਨਸਾ ਤੇ ਹੋਰਨਾਂ ਆਗੂਆਂ ਨੇ ਸਨਿੱਚਰਵਾਰ ਚੰਡੀਗੜ੍ਹ ਦੇ ਕਿਸਾਨ ਭਵਨ ਵਿੱਚ ਮੀਟਿੰਗ ਤੋਂ ਬਾਅਦ ਕੀਤਾ ਹੈ। ਕਿਸਾਨ ਆਗੂਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੀ ਪਿਛਲੇ ਲੰਮੇ ਸਮੇਂ ਤੋਂ ਕਿਸਾਨਾਂ ਦੀਆਂ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਫਸਲਾਂ ਦੇ ਖਰਾਬੇ ਦਾ ਕੋਈ ਮੁਆਵਜ਼ਾ ਨਹੀਂ ਦਿੱਤਾ ਅਤੇ ਨਾ ਹੀ ਡੰਗਰਾਂ ਦੀ ਮੌਤ 'ਤੇ ਕੋਈ ਮੁਆਵਜ਼ਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਮੋਰਚੇ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਵਾਰਾਂ ਨੂੰ ਅਜੇ ਤੱਕ ਪੂਰਾ ਬਣਦਾ ਮੁਆਵਜ਼ਾ ਨਹੀਂ ਮਿਲ ਸਕਿਆ। ਕਿਸਾਨ ਆਗੂਆਂ ਮੰਗ ਕੀਤੀ ਕਿ ਪੰਜਾਬ ਸਰਕਾਰ ਵੱਲੋਂ 24 ਅਤੇ 25 ਫਰਵਰੀ ਨੂੰ ਸੱਦੇ ਗਏ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਕੇਂਦਰ ਸਰਕਾਰ ਵੱਲੋਂ ਲਿਆਂਦੇ ਨਵੀਂ ਖੇਤੀ ਮੰਡੀ ਨੀਤੀ ਦੇ ਖਰੜੇ ਨੂੰ ਰੱਦ ਕੀਤਾ ਜਾਵੇ।

ਆਗੂਆਂ ਕਿਹਾ ਕਿ ਪੰਜਾਬ ਸਰਕਾਰ ਨਾਲ ਸੰਬੰਧਤ ਹੋਰਨਾਂ ਮੰਗਾਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚਾ ਵੱਲੋਂ 5 ਮਾਰਚ ਤੋਂ ਚੰਡੀਗੜ੍ਹ ਵਿੱਚ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

ਅੰਮ੍ਰਿਤਸਰ ਦੇ ਹਵਾਈ ਅੱਡੇ ਨੂੰ ਡਿਪੋਰਟ ਅੱਡਾ ਨਾ ਬਣਾਓ : ਮਾਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਨਰਿੰਦਰਜੀਤ ਸਿੰਘ)

ਮੁੱਖ ਮੰਤਰੀ ਭਗਵੰਤ ਮਾਨ ਨੇ ਸਨਿੱਚਰਵਾਰ ਮੁੜ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਅਮਰੀਕਾ ਤੋਂ ਡਿਪੋਰਟ ਕੀਤੇ ਜਾ ਰਹੇ ਪ੍ਰਵਾਸੀ ਭਾਰਤੀਆਂ ਨੂੰ ਅੰਮ੍ਰਿਤਸਰ ਦੇ ਹਵਾਈ ਅੱਡੇ ਦੀ ਥਾਂ 'ਤੇ ਦੇਸ਼ ਦੇ ਕਿਸੇ ਹੋਰ ਹਵਾਈ ਅੱਡੇ 'ਤੇ ਉਤਾਰਿਆ ਜਾਵੇ। ਉਨ੍ਹਾ ਸਪੱਸ਼ਟ ਕਿਹਾ ਕਿ ਅੰਮ੍ਰਿਤਸਰ ਦੇ ਹਵਾਈ ਅੱਡੇ ਨੂੰ ਡਿਪੋਰਟ ਅੱਡਾ ਨਾ ਬਣਾਇਆ ਜਾਵੇ, ਇਹ ਸ਼ਹਿਰ ਇੱਕ ਰੂਹਾਨੀ ਕੇਂਦਰ ਹੈ ਅਤੇ ਇਸ ਨੂੰ ਅਧਿਆਤਮਕ ਕੇਂਦਰ ਹੀ ਰਹਿਣ ਦਿੱਤਾ ਜਾਵੇ। ਹਵਾਈ ਅੱਡੇ 'ਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਪ੍ਰਵਾਸੀ ਭਾਰਤੀਆਂ ਨੂੰ ਲੈ ਕੇ ਆ ਰਹੇ ਅਮਰੀਕਾ ਦੇ ਜਹਾਜ਼ ਵਿੱਚ 67 ਵਿਅਕਤੀ ਪੰਜਾਬ ਦੇ ਵਾਸੀ ਹਨ। ਉਨ੍ਹਾ ਦੱਸਿਆ ਕਿ ਇਨ੍ਹਾਂ ਦੇ ਵੇਰਵੇ ਜਾਂਚ ਲਏ ਗਏ ਹਨ ਅਤੇ ਇਹ ਸਾਰੇ ਹੀ ਬਿਨਾਂ ਅਪਰਾਧਕ ਪਿਛੋਕੜ ਵਾਲੇ ਹਨ। ਇਨ੍ਹਾਂ ਨੂੰ ਘਰ-ਘਰ ਪਹੁੰਚਾਉਣ ਵਾਸਤੇ ਵਾਹਨਾਂ ਦਾ ਪ੍ਰਬੰਧ ਕਰ ਲਿਆ ਗਿਆ ਹੈ। ਜੇ ਵਾਪਸ ਪਰਤੇ ਵਿਅਕਤੀ ਹਰਿਮੰਦਰ ਸਾਹਿਬ ਨਤਮਸਤਕ ਹੋਣਾ ਚਾਹੁੰਣਗੇ ਤਾਂ ਇਸ ਵਾਸਤੇ ਵੀ ਲੋੜੀਂਦਾ ਪ੍ਰਬੰਧ ਕੀਤਾ ਗਿਆ ਹੈ। ਬਾਕੀ ਸਾਰੇ ਪਰਤ ਰਹੇ ਪ੍ਰਵਾਸੀ ਭਾਰਤੀਆਂ ਵਾਸਤੇ ਵੀ ਹਵਾਈ ਅੱਡੇ ਵਿਖੇ ਲੰਗਰ ਅਤੇ ਕੁਝ ਦੇਰ ਠਹਿਰਨ ਦਾ ਪ੍ਰਬੰਧ ਕੀਤਾ ਗਿਆ ਹੈ। ਪੰਜਾਬ ਅਤੇ ਹਰਿਆਣਾ ਦੇ ਪਰਤ ਰਹੇ ਭਾਰਤੀਆਂ ਨੂੰ ਛੱਡ ਕੇ ਬਾਕੀ ਹੋਰਨਾਂ ਸੂਬਿਆਂ ਦੇ ਭਾਰਤੀ ਨਾਗਰਿਕਾਂ ਨੂੰ ਹਵਾਈ ਅੱਡੇ ਦੇ ਅੰਦਰ ਹੀ ਰੱਖਿਆ ਜਾਵੇਗਾ ਅਤੇ ਸਵੇਰੇ 6 ਵਜੇ ਤੋਂ ਬਾਅਦ ਉਨ੍ਹਾਂ ਨੂੰ ਵੱਖਰੀ ਉਡਾਣ ਰਾਹੀ ਦਿੱਲੀ ਲਿਜਾਇਆ ਜਾਵੇਗਾ, ਜਿੱਥੋਂ ਅਗਾਂਹ ਉਨ੍ਹਾਂ ਦੇ ਸੂਬਿਆਂ ਵਿੱਚ ਭੇਜਿਆ ਜਾਵੇਗਾ। ਉਨ੍ਹਾ ਇੱਕ ਵਾਰ ਮੁੜ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਅਮਰੀਕਾ ਤੋਂ ਡਿਪੋਰਟ ਕੀਤੇ ਜਾ ਰਹੇ ਪ੍ਰਵਾਸੀ ਭਾਰਤੀਆਂ ਨੂੰ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਉਤਾਰਨ ਦੀ ਥਾਂ ਦੇਸ਼ ਦੇ ਹੋਰ ਹਵਾਈ ਅੱਡਿਆਂ 'ਤੇ ਉਤਾਰਿਆ ਜਾਵੇ। ਉਨ੍ਹਾ ਭਾਜਪਾ ਆਗੂ ਆਰ ਪੀ ਸਿੰਘ ਦੀ ਇਸ ਦਲੀਲ ਨੂੰ ਰੱਦ ਕੀਤਾ ਕਿ ਅੰਮ੍ਰਿਤਸਰ ਦਾ ਹਵਾਈ ਅੱਡਾ ਨੇੜੇ ਪੈਂਦਾ ਹੈ। ਉਨ੍ਹਾ ਕਿਹਾ ਕਿ ਜੇ ਇਹ ਹਵਾਈ ਅੱਡਾ ਨੇੜੇ ਪੈਂਦਾ ਹੈ ਤਾਂ ਫਿਰ ਇੱਥੋਂ ਅਮਰੀਕਾ ਤੇ ਕੈਨੇਡਾ ਨੂੰ ਸਿੱਧੀਆਂ ਹਵਾਈ ਉਡਾਣਾਂ ਸ਼ੁਰੂ ਕਰਨ ਵਿੱਚ ਕੀ ਸਮੱਸਿਆ ਹੈ। ਜੇ ਡਿਪੋਰਟ ਕੀਤੇ ਵਿਅਕਤੀਆਂ ਵਿੱਚ ਕੋਈ ਵੈਟੀਕਨ ਸਿਟੀ ਦਾ ਨਾਗਰਿਕ ਹੋਵੇਗਾ ਤਾਂ ਕੀ ਉੱਥੇ ਹਵਾਈ ਜਹਾਜ਼ ਉਤਾਰਨ ਦੀ ਆਗਿਆ ਦਿੱਤੀ ਜਾਵੇਗੀ। ਅੰਮ੍ਰਿਤਸਰ ਅਧਿਆਤਮਕ ਕੇਂਦਰ ਹੈ, ਵਪਾਰਕ ਕੇਂਦਰ ਹੈ ਅਤੇ ਇਸ ਨੂੰ ਡਿਪੋਰਟ ਅੱਡਾ ਨਾ ਬਣਾਇਆ ਜਾਵੇ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾ ਕਿਹਾ ਕਿ ਵਾਪਸ ਪਰਤਣ ਵਾਲੇ ਵਿਅਕਤੀਆਂ ਕੋਲੋਂ ਉਨ੍ਹਾਂ ਨੂੰ ਵਿਦੇਸ਼ ਭੇਜਣ ਵਾਲੇ ਏਜੰਟਾਂ ਬਾਰੇ ਪਤਾ ਲਾਇਆ ਜਾਵੇਗਾ ਅਤੇ ਅਜਿਹੇ ਮਨੁੱਖੀ ਤਸਕਰੀ ਕਰਨ ਵਾਲੇ ਏਜੰਟਾਂ ਖਿਲਾਫ ਕਾਰਵਾਈ ਕੀਤੀ ਜਾਵੇਗੀ। ਪੰਜਾਬ ਸਰਕਾਰ ਇਸ ਤੋਂ ਪਹਿਲਾਂ ਵਾਪਸ ਪਰਤੇ ਪੰਜਾਬੀਆਂ ਦੀ ਸ਼ਿਕਾਇਤ 'ਤੇ ਏਜੰਟਾਂ ਖਿਲਾਫ ਕੇਸ ਦਰਜ ਕਰ ਚੁੱਕੀ ਹੈ ਅਤੇ ਕਾਰਵਾਈ ਸ਼ੁਰੂ ਕੀਤੀ ਜਾ ਚੁੱਕੀ ਹੈ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾ ਕਿਹਾ ਕਿ ਵਾਪਸ ਪਰਤਣ ਵਾਲਿਆਂ ਕੋਲੋਂ ਉਨ੍ਹਾਂ ਦੀ ਯੋਗਤਾ, ਤਜਰਬਾ ਤੇ ਰੁਚੀ ਆਦਿ ਬਾਰੇ ਜਾਨਣ ਤੋਂ ਬਾਅਦ ਉਨ੍ਹਾਂ ਦੇ ਮੁੜਵਸੇਬੇ ਲਈ ਵੀ ਢੁਕਵੇਂ ਪ੍ਰਬੰਧ ਕਰਨ ਦਾ ਯਤਨ ਕੀਤਾ ਜਾਵੇਗਾ। ਉਨ੍ਹਾ ਦੱਸਿਆ ਕਿ ਅਮਰੀਕਾ ਦਾ ਜਹਾਜ਼ ਰਾਤ ਲਗਭਗ 10 ਵਜੇ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਪੁੱਜੇਗਾ, ਉਹ ਵਾਪਸ ਪਰਤਣ ਵਾਲੇ ਸਮੂਹ ਭਾਰਤੀਆਂ ਦਾ ਸਵਾਗਤ ਕਰਨਗੇ। ਇੱਕ ਹੋਰ ਸਵਾਲ ਦੇ ਜਵਾਬ ਵਿੱਚ ਉਨ੍ਹਾ ਕਿਹਾ ਕਿ ਫਿਲਹਾਲ ਇਸ ਬਾਰੇ ਕੋਈ ਜਾਣਕਾਰੀ ਨਹੀਂ ਕਿ ਵਾਪਸ ਪਰਤ ਰਹੇ ਭਾਰਤੀਆਂ ਨੂੰ ਪਹਿਲਾਂ ਵਾਂਗ ਹੀ ਹੱਥਕੜੀਆਂ ਅਤੇ ਬੇੜੀਆਂ ਲਾਈਆਂ ਹੋਈਆਂ ਹਨ ਜਾਂ ਨਹੀਂ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਮਰੀਕਾ ਦੌਰੇ ਦੌਰਾਨ ਰਾਸ਼ਟਰਪਤੀ ਟਰੰਪ ਨਾਲ ਇਸ ਬਾਰੇ ਗੱਲ ਕਰਨੀ ਚਾਹੀਦੀ ਸੀ ਅਤੇ ਵਾਪਸ ਪਰਤ ਰਹੇ ਭਾਰਤੀਆਂ ਵਾਸਤੇ ਆਪਣੇ ਦੇਸ਼ ਤੋਂ ਵਿਸ਼ੇਸ਼ ਜਹਾਜ਼ ਭੇਜ ਕੇ ਉਨ੍ਹਾਂ ਨੂੰ ਵਾਪਸ ਲਿਆਉਣਾ ਚਾਹੀਦਾ ਸੀ। ਭਾਵੇਂ ਵਾਪਸ ਭੇਜੇ ਜਾ ਰਹੇ ਭਾਰਤੀਆਂ ਕੋਲੋਂ ਗਲਤੀ ਹੋਈ ਹੈ, ਪਰ ਉਹ ਅਪਰਾਧੀ ਨਹੀਂ ਹਨ। ਉਹ ਸਿਸਟਮ ਤੋਂ ਖਫਾ ਹੋ ਕੇ ਵਿਦੇਸ਼ ਗਏ ਸਨ। ਵਾਪਸ ਪਰਤ ਰਹੇ ਪ੍ਰਵਾਸੀ ਭਾਰਤੀਆਂ ਨੂੰ ਹਵਾਈ ਅੱਡੇ 'ਤੇ ਮਿਲਣ ਪੁੱਜ ਰਹੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੀ ਆਮਦ ਬਾਰੇ ਉਨ੍ਹਾ ਵਿਅੰਗਮਈ ਢੰਗ ਨਾਲ ਆਖਿਆ ਕਿ ਰੇਲ ਮੰਤਰੀ ਨੇ ਹਵਾਈ ਅੱਡੇ 'ਤੇ ਕੀ ਕਰਨਾ ਹੈ, ਉਨ੍ਹਾ ਨੂੰ ਰੇਲ ਵਿਭਾਗ ਦੇ ਕੰਮ ਨੂੰ ਦੇਖਣਾ ਚਾਹੀਦਾ ਹੈ।

ਓਪਨ ਏ ਆਈ ਨੇ ਮਸਕ ਦੀ ਪੇਸ਼ਕਸ਼ ਠੁਕਰਾਈ

ਸਾਂ ਫਰਾਂਸਿਸਕੋ : ਸੈਮ ਓਲਟਮੈਨ ਵੱਲੋਂ ਚਲਾਏ ਜਾ ਰਹੇ ਓਪਨ ਏ ਆਈ ਨੇ ਸਨਿੱਚਰਵਾਰ ਅਰਬਪਤੀ ਐਲਨ ਮਸਕ ਵੱਲੋਂ ਕੰਪਨੀ ਨੂੰ 97.4 ਅਰਬ ਡਾਲਰ ਵਿੱਚ ਖਰੀਦਣ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਸੋਸ਼ਲ ਮੀਡੀਆ ਪਲੇਟਫਾਰਮ 'ਤੇ ਇੱਕ ਬਿਆਨ ਵਿੱਚ ਓਪਨ ਏ ਆਈ ਦੇ ਬ੍ਰੇਟ ਟੇਲਰ ਨੇ ਮਸਕ ਦੀ ਬੋਲੀ ਨੂੰ ਉਸ ਦੇ ਮੁਕਾਬਲੇ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕਿਹਾ। ਟੇਲਰ ਨੇ ਪੋਸਟ ਕੀਤਾ ਕਿ ਓਪਨ ਏ ਆਈ ਵਿਕਾਊ ਨਹੀਂ ਹੈ ਅਤੇ ਬੋਰਡ ਨੇ ਸਰਬਸੰਮਤੀ ਨਾਲ ਮਿਸਟਰ ਮਸਕ ਦੇ ਆਪਣੇ ਮੁਕਾਬਲੇ ਵਿੱਚ ਵਿਘਨ ਪਾਉਣ ਦੀ ਤਾਜ਼ਾ ਕੋਸ਼ਿਸ਼ ਨੂੰ ਰੱਦ ਕਰ ਦਿੱਤਾ ਹੈ। ਬੋਰਡ ਆਫ਼ ਡਾਇਰੈਕਟਰਜ਼ ਦੀ ਤਰਫ਼ੋਂ ਟੇਲਰ ਨੇ ਕਿਹਾ ਕਿ ਓਪਨ ਏ ਆਈ ਦਾ ਕੋਈ ਵੀ ਸੰਭਾਵੀ ਪੁਨਰਗਠਨ, ਇਸ ਦੀ ਗੈਰ-ਲਾਭਕਾਰੀ ਸੰਸਥਾ ਅਤੇ ਏ ਜੀ ਆਈ ਨੂੰ ਪੂਰੀ ਮਨੁੱਖਤਾ ਦੇ ਲਾਭ ਨੂੰ ਯਕੀਨੀ ਬਣਾਉਣ ਲਈ ਇਸ ਦੇ ਮਿਸ਼ਨ ਨੂੰ ਮਜ਼ਬੂਤ ਕਰੇਗਾ। ਰਿਪੋਰਟਾਂ ਅਨੁਸਾਰ ਓਪਨ ਏ ਆਈ ਨੇ ਮਸਕ ਦੇ ਵਕੀਲ ਨੂੰ ਇੱਕ ਪੱਤਰ ਵੀ ਭੇਜਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਬੋਲੀ ਉਸ ਦੇ ਮਿਸ਼ਨ ਦੇ ਸਰਵੋਤਮ ਹਿੱਤ ਵਿੱਚ ਨਹੀਂ ਸੀ।

ਮੁਕਾਬਲੇ ਪਿੱਛੋਂ 3 ਗੈਂਗਸਟਰ ਕਾਬੂ

ਤਰਨ ਤਾਰਨ : ਨੇੜਲੇ ਪਿੰਡ ਭੁੱਲਰ ਵਿੱਚ ਸਨਿੱਚਰਵਾਰ ਵੱਡੇ ਤੜਕੇ ਪੁਲਸ ਨੇ ਗੈਂਗਸਟਰਾਂ ਨਾਲ ਹੋਏ ਮੁਕਾਬਲੇ ਦੌਰਾਨ ਲੰਡਾ ਹਰੀਕੇ ਗਰੋਹ ਦੇ ਤਿੰਨ ਗੈਂਗਸਟਰਾਂ ਨੂੰ ਕਾਬੂ ਕਰ ਲਿਆ। ਪੁਲਸ ਨੇ ਜਦੋਂ ਇਨ੍ਹਾਂ ਨੂੰ ਘੇਰਾ ਪਾਇਆ ਤਾਂ ਉਨ੍ਹਾਂ ਗੋਲੀਆਂ ਚਲਾ ਦਿੱਤੀਆਂ। ਜਵਾਬੀ ਕਾਰਵਾਈ ਵਿੱਚ ਇੱਕ ਗੈਂਗਸਟਰ ਜ਼ਖ਼ਮੀ ਹੋ ਗਿਆ।

ਪੂਜਾ ਅਸਥਾਨ ਐਕਟ ਬਾਰੇ ਪਟੀਸ਼ਨਾਂ ਦੀ ਸੁਣਵਾਈ ਭਲਕੇ

ਨਵੀਂ ਦਿੱਲੀ : ਸੁਪਰੀਮ ਕੋਰਟ ਦੇ ਚੀਫ ਜਸਟਿਸ ਸੰਜੀਵ ਖੰਨਾ, ਜਸਟਿਸ ਸੰਜੈ ਕੁਮਾਰ ਤੇ ਜਸਟਿਸ ਕੇ ਵੀ ਵਿਸ਼ਵਨਾਥਨ ਦੀ ਬੈਂਚ ਪੂਜਾ ਅਸਥਾਨ (ਵਿਸ਼ੇਸ਼ ਵਿਵਸਥਾਵਾਂ) ਐਕਟ 1991 ਨਾਲ ਜੁੜੇ ਫ਼ਿਕਰਾਂ ਬਾਰੇ ਪਟੀਸ਼ਨਾਂ 'ਤੇ 17 ਫਰਵਰੀ ਨੂੰ ਸੁਣਵਾਈ ਕਰੇਗੀ। ਐਕਟ ਕਿਸੇ ਵੀ ਪੂਜਾ ਅਸਥਾਨ ਨੂੰ ਬਦਲਣ 'ਤੇ ਪਾਬੰਦੀ ਲਗਾਉਂਦਾ ਹੈ ਅਤੇ ਕਿਸੇ ਵੀ ਪੂਜਾ ਅਸਥਾਨ ਦੇ ਧਾਰਮਕ ਕਿਰਦਾਰ ਨੂੰ 15 ਅਗਸਤ 1947 ਦੀ ਸਥਿਤੀ ਮੁਤਾਬਕ ਬਣਾਈ ਰੱਖਣ ਦੀ ਵਿਵਸਥਾ ਕਰਦਾ ਹੈ। ਅਯੁੱਧਿਆ ਵਿੱਚ ਰਾਮ ਜਨਮ ਭੂਮੀ-ਬਾਬਰੀ ਮਸਜਿਦ ਮੁੱਦੇ ਨਾਲ ਸੰਬੰਧਤ ਵਿਵਾਦ ਨੂੰ ਹਾਲਾਂਕਿ ਇਸ ਐਕਟ ਦੇ ਦਾਇਰੇ 'ਚੋਂ ਬਾਹਰ ਰੱਖਿਆ ਗਿਆ ਸੀ। ਸੁਪਰੀਮ ਕੋਰਟ ਵਿੱਚ ਦਾਇਰ ਕੁਝ ਪਟੀਸ਼ਨਾਂ 'ਚ 1991 ਦੇ ਕਾਨੂੰਨ ਦੇ ਕੁਝ ਉਪਬੰਧਾਂ ਦੀ ਵੈਧਤਾ ਨੂੰ ਚੁਣੌਤੀ ਦਿੱਤੀ ਗਈ ਹੈ।

ਕਾਂਗਰਸ ਦੇ ਕਿਸਾਨ ਆਗੂ ਦੀ ਹਾਦਸੇ 'ਚ ਮੌਤ

ਅਬੋਹਰ : ਨੇੜਲੇ ਪਿੰਡ ਜੰਡਵਾਲਾ ਹਨਵੰਤਾ ਵਾਸੀ 40 ਸਾਲਾ ਪ੍ਰੇਮ ਕੰਬੋਜ ਦੀ ਕੈਂਟਰ ਦੀ ਲਪੇਟ ਵਿੱਚ ਆਉਣ ਨਾਲ ਮੌਤ ਹੋ ਗਈ। ਉਹ ਪੰਜਾਬ ਪ੍ਰਦੇਸ਼ ਕਾਂਗਰਸ ਕਿਸਾਨ ਵਿੰਗ ਦਾ ਸਕੱਤਰ ਸੀ। ਥਾਣਾ ਖੂਈਆਂ ਸਰਵਰ ਦੀ ਪੁਲਸ ਨੂੰ ਪਾਲਾ ਰਾਮ ਨੇ ਦੱਸਿਆ ਕਿ ਉਸ ਦਾ ਬੇਟਾ ਪ੍ਰੇਮ ਮੋਟਰਸਾਈਕਲ 'ਤੇ ਕੁਝ ਘਰੇਲੂ ਸਾਮਾਨ ਲੈਣ ਜਾ ਰਿਹਾ ਸੀ। ਜਦੋਂ ਉਹ ਡੰਗਰ ਖੇੜਾ ਦਿਹਾਤੀ ਬੱਸ ਅੱਡੇ ਨੇੜੇ ਲਿੰਕ ਸੜਕ ਤੋਂ ਲੰਘ ਰਿਹਾ ਸੀ ਤਾਂ ਇੱਕ ਤੇਜ਼ ਰਫ਼ਤਾਰ ਕੈਂਟਰ (ਮਿੰਨੀ ਟਰੱਕ) ਨੇ ਲਾਪ੍ਰਵਾਹੀ ਨਾਲ ਉਸ ਨੂੰ ਟੱਕਰ ਮਾਰ ਦਿੱਤੀ। ਪੁਲਸ ਨੇ ਦੱਸਿਆ ਕਿ ਕੈਂਟਰ ਚਾਲਕ ਦੀ ਪਛਾਣ ਬਲਵਿੰਦਰ ਸਿੰਘ ਵਾਸੀ ਸ੍ਰੀਗੰਗਾਨਗਰ ਵਜੋਂ ਹੋਈ ਹੈ।

ਕਿਸਾਨਾਂ ਵੱਲੋਂ ਹਵਾਈ ਅੱਡੇ ਦੇ ਬਾਹਰ ਪ੍ਰਦਰਸ਼ਨ

ਅੰਮ੍ਰਿਤਸਰ : ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਨੇ ਅਮਰੀਕਾ ਤੋਂ ਡਿਪੋਰਟ ਕੀਤੇ ਜਾ ਰਹੇ ਭਾਰਤੀਆਂ ਨੂੰ ਅਪਰਾਧੀਆਂ ਵਾਂਗ ਭੇਜਣ ਦਾ ਸਖਤ ਵਿਰੋਧ ਕਰਦਿਆਂ ਸਨਿੱਚਰਵਾਰ ਅੰਮ੍ਰਿਤਸਰ ਹਵਾਈ ਅੱਡੇ ਦੇ ਬਾਹਰ ਕੇਂਦਰ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ। ਜਥੇਬੰਦੀ ਦੇ ਆਗੂ ਡਾ. ਪਰਮਿੰਦਰ ਸਿੰਘ ਪੰਡੋਰੀ ਨੇ ਕਿਹਾ ਕਿ ਅਮਰੀਕਾ ਦੀ ਟਰੰਪ ਸਰਕਾਰ ਆਪਣੇ ਦੇਸ਼ ਵਿੱਚੋਂ ਡਿਪੋਰਟ ਕੀਤੇ ਨਾਗਰਿਕਾਂ ਨਾਲ ਅਣਮਨੁੱਖੀ ਵਿਹਾਰ ਕਰ ਰਹੀ ਹੈ। ਉਨ੍ਹਾਂ ਨੂੰ ਫ਼ੌਜੀ ਜਹਾਜ਼ 'ਚ ਲੱਦ ਕੇ ਹੱਥ-ਪੈਰ ਬੰਨ ਕੇ ਭਾਰਤ ਭੇਜ ਰਹੀ ਹੈ। ਉਨ੍ਹਾ ਕਿਹਾ ਕਿ ਕੁਝ ਦਿਨ ਪਹਿਲਾਂ ਵੀ ਅਮਰੀਕਾ ਦਾ ਫੌਜੀ ਜਹਾਜ਼ ਅੰਮ੍ਰਿਤਸਰ ਉਤਰਿਆ ਸੀ ਅਤੇ ਹੁਣ ਫਿਰ ਦੋ ਜਹਾਜ਼ 15 ਫਰਵਰੀ ਤੇ 16 ਫਰਵਰੀ ਨੂੰ ਅੰਮ੍ਰਿਤਸਰ ਏਅਰਪੋਰਟ 'ਤੇ ਆ ਰਹੇ ਹਨ। ਭਾਰਤ ਦੀ ਭਾਜਪਾ ਸਰਕਾਰ ਤੇ ਪ੍ਰਧਾਨ ਮੰਤਰੀ ਮੂਕ-ਦਰਸ਼ਕ ਬਣੇ ਹੋਏ ਹਨ। ਉਨ੍ਹਾ ਕਿਹਾ ਕਿ ਇਹ ਅਪਰਾਧੀਆਂ ਵਾਲਾ ਵਤੀਰਾ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਕਿਸਾਨ ਆਗੂਆਂ ਨੇ ਕਿਹਾ ਕਿ ਕੋਲੰਬੀਆ ਦੇ ਪ੍ਰਵਾਸੀਆਂ ਨੂੰ ਜਦੋਂ ਅਮਰੀਕੀ ਸਰਕਾਰ ਨੇ ਗੈਰਮਨੁੱਖੀ ਰਵੱਈਆ ਅਪਣਾਉਂਦੇ ਹੋਏ ਫੌਜੀ ਜਹਾਜ਼ 'ਤੇ ਹੱਥ-ਪੈਰ ਬੰਨ੍ਹ ਕੇ ਭੇਜਿਆ ਤਾਂ ਉੱਥੋਂ ਦੇ ਰਾਸ਼ਟਰਪਤੀ ਨੇ ਆਪਣੇ ਦੇਸ਼ 'ਚ ਫੌਜੀ ਜਹਾਜ਼ ਨੂੰ ਲੈਂਡ ਨਹੀਂ ਹੋਣ ਦਿੱਤਾ ਅਤੇ ਦੁਬਾਰਾ ਆਪਣੇ ਦੇਸ਼ ਦਾ ਜਹਾਜ਼ ਭੇਜ ਕੇ ਵਾਪਸ ਮੰਗਵਾਇਆ। ਕੋਲੰਬੀਆ ਭਾਵੇਂ ਛੋਟਾ ਮੁਲਕ ਹੈ, ਪਰ ਉਸ ਨੇ ਇੱਕ ਮਿਸਾਲ ਪੇਸ਼ ਕੀਤੀ ਹੈ। ਅਮਰੀਕਾ ਦੀ ਤਾਨਾਸ਼ਾਹੀ ਨੂੰ ਦਰਕਿਨਾਰ ਕਰਦੇ ਹੋਏ ਆਪਣੇ ਨਾਗਰਿਕਾਂ ਦੀ ਇੱਜ਼ਤ ਨਾਲ ਵਾਪਸੀ ਕਰਵਾਈ। ਕਿਸਾਨ ਆਗੂਆਂ ਕਿਹਾ ਕਿ ਇਹ ਪ੍ਰਵਾਸੀ ਭਾਰਤੀ ਅ

16-FEB-PAGE-1.qxd 2/15/2025 10:32 PM Page 2

ਕਾਮਰੇਡ ਹਰਨਾਮ ਸਿੰਘ ਚਮਕ ਦੀ ਬਰਸੀ ਸੰਬੰਧੀ ਸਮਾਗਮ ਅੱਜ

ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)-ਮਹਾਨ ਦੇਸ਼ ਭਗਤ, ਮਿਸਾਲੀ ਕਮਿਊਨਿਸਟ ਆਗੂ ਕਾਮਰੇਡ ਹਰਨਾਮ ਸਿੰਘ ਚਮਕ ਦੀ ਬਰਸੀ ਸੰਬੰਧੀ ਵਿਸ਼ੇਸ਼ ਸਮਾਗਮ 16 ਫਰਬਰੀ ਨੂੰ ਉਨ੍ਹਾਂ ਦੇ ਜੱਦੀ ਪਿੰਡ ਲੋਹਟਬੱਦੀ ਵਿੱਚ ਕੀਤਾ ਜਾਵੇਗਾ।ਇਸ ਮੌਕੇ ਜਿੱਥੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੇ ਕੌਮੀ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਤੇ ਹੋਰ ਸੂਬਾਈ ਆਗੂ ਸੰਬੋਧਨ ਕਰਨਗੇ ਉੱਥੇ ਉੱਘੇ ਰੰਗਕਰਮੀ ਪ੍ਰੋ ਸੋਮਪਾਲ ਹੀਰਾ ਆਪਣੇ ਨਾਟਕ ਵੀ ਪੇਸ਼ ਕਰਨਗੇ। ਉਪਰੋਕਤ ਬਿਆਨ ਬਰਸੀ ਸਮਾਗਮਾਂ ਦੀ ਤਿਆਰੀ ਦੇ ਲਈ ਪਿੰਡ ਲੋਹਟਬੱਦੀ ਵਿੱਚ ਹੋਈ ਮੀਟਿੰਗ ਤੋਂ ਬਾਅਦ ਪ੍ਰੈਸ ਨੂੰ ਜਾਰੀ ਕੀਤੇ ਬਿਆਨ ਵਿੱਚ ਆਰ ਐਮ ਪੀ ਆਈ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਘਵੀਰ ਸਿੰਘ ਬੈਨੀਪਾਲ ਨੇ ਕਿਹਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਸਰਪੰਚ ਹਰਬੰਸ ਸਿੰਘ ਲੋਹਟਬੱਦੀ, ਗੁਰਦੀਪ ਸਿੰਘ ਕਲਸੀ, ਨੰਬਰਦਾਰ ਸ਼ੇਰ ਸਿੰਘ, ਕਾਮਰੇਡ ਦਰਬਾਰਾ ਸਿੰਘ, ਗੁਰਦੀਪ ਸਿੰਘ ਰਾਏਕੋਟ ਆਦਿ ਹਾਜ਼ਰ ਸਨ।

ਰੋਟੀ ਦਿਵਸ ਮਨਾਇਆ

ਲੁਧਿਆਣਾ (ਰਾਜ ਸਿੰਗਲਾ)-ਕਰ ਭਲਾ ਹੋ ਭਲਾ ਸੇਵਾ ਸੁਸਾਇਟੀ ਲੁਧਿਆਣਾ ਵੱਲੋਂ ਅੱਜ ਦੇ ਦਿਨ ਨੂੰ ਵੱਖਰੇ ਤੌਰ 'ਤੇ ਰੋਟੀ ਦਿਵਸ ਦੇ ਦਿਨ ਵਜੋਂ ਮਨਾਇਆ ਗਿਆ। ਕਰ ਭਲਾ ਹੋ ਭਲਾ ਸੇਵਾ ਸੁਸਾਇਟੀ ਦੇ ਪ੍ਰਧਾਨ ਮਨੋਜ ਮੱਕੜ ਕਮਲਪ੍ਰੀਤ ਸਿੰਘ ਬੰਟੀ ਨੇ ਅੱਜ ਦੇ ਦਿਵਸ ਨੂੰ ਰੋਟੀ ਦਿਵਸ ਦੇ ਤੌਰ 'ਤੇ ਮਨਾਇਆ। ਅੱਜ ਦੇ ਦਿਨ ਸੋਸਾਇਟੀ ਵੱਲੋਂ ਖੂਨਦਾਨ ਕੈਂਪ ਦਾ ਅਤੇ ਨਾਲ ਹੀ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਪੌਦਿਆਂ ਦਾ ਲੰਗਰ ਲਗਾ ਕੇ ਮਨਾਇਆ ਗਿਆ। ਸੰਸਥਾ ਵੱਲੋਂ ਨੌਜਵਾਨਾਂ ਨੂੰ ਵਧੀਆ ਅਤੇ ਸਿਹਤ ਰੂਪੀ ਸੁਨੇਹਾ ਦੇਣ ਦਾ ਉਪਰਾਲਾ ਕੀਤਾ ਗਿਆ। ਇਸ ਮੌਕੇ ਮਣੀ ਚੌਧਰੀ, ਗੁਰਬਚਨ ਸਿੰਘ, ਸੰਦੀਪ ਸਿੰਘ ਆਦਿ ਹਾਜ਼ਰ ਸਨ।

ਸ੍ਰੀ ਗੁਰੂ ਰਵਿਦਾਸ ਜੀ ਨੇ ਭਾਈਚਾਰੇ ਤੇ ਏਕਤਾ ਦਾ ਸੰਦੇਸ਼ ਦਿੱਤਾ : ਬਰਸਟ

ਪਟਿਆਲਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਭਗਤੀ ਲਹਿਰ ਦੇ ਸਤਿਕਾਰਯੋਗ ਸੰਤ ਅਤੇ ਕਵੀ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਪੁਰਬ ਅੱਜ ਪਿੰਡ ਨਵਾਂ ਰੱਖੜਾ ਵਿਖੇ ਬੜੇ ਹੀ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਗਿਆ।ਇਸ ਵਿਸ਼ੇਸ਼ ਸਮਾਗਮ ਵਿੱਚ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਵਾਈ ਅਤੇ ਸਮੁੱਚੀ ਮਨੁੱਖਤਾ ਦੇ ਕਲਿਆਣ, ਪਿੰਡ ਦੀ ਤਰੱਕੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਬਰਸਟ ਨੇ ਦੱਸਿਆ ਕਿ ਗੁਰੂ ਰਵਿਦਾਸ ਜੀ ਭਗਤੀ ਲਹਿਰ ਦੇ ਇੱਕ ਉੱਘੇ ਸੰਤ ਅਤੇ ਕਵੀ ਸਨ। ਗੁਰੂ ਜੀ ਦੀਆਂ ਸਿੱਖਿਆਵਾਂ ਸਮਾਜਿਕ ਨਿਆਂ, ਬਰਾਬਰੀ, ਰੱਬ ਪ੍ਰਤੀ ਸ਼ਰਧਾ, ਜਾਤ-ਪਾਤ ਤੋਂ ਉੱਪਰ ਉਠਣ, ਏਕਤਾ ਅਤੇ ਸਤਿਕਾਰ 'ਤੇ ਅਧਾਰਤ ਸਮਾਜ ਦੀ ਵਕਾਲਤ ਕਰਨ 'ਤੇ ਕੇਂਦ੍ਰਿਤ ਸਨ।ਸਰਲ ਪਰ ਡੂੰਘੀ ਭਾਸ਼ਾ ਵਿੱਚ ਰਚਿਤ ਗੁਰੂ ਰਵਿਦਾਸ ਜੀ ਦੀ ਬਾਣੀ ਲੱਖਾਂ ਲੋਕਾਂ ਨੂੰ ਪ੍ਰੇਰਿਤ ਕਰਦੀ ਹੈ।ਇਸ ਸਮਾਗਮ ਵਿੱਚ ਰਾਗੀ ਜਥਿਆਂ ਵੱਲੋਂ ਕੀਰਤਨ ਕਰਕੇ ਸੰਗਤ ਨੂੰ ਨਿਹਾਲ ਕੀਤਾ ਗਿਆ ਅਤੇ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।

ਚੱਠਾ ਨੇ ਕਬੱਡੀ ਕੱਪ ਦਾ ਪੋਸਟਰ ਰਿਲੀਜ਼ ਕੀਤਾ

ਧੂਰੀ (ਰਾਜੇਸ਼ਵਰ ਪਿੰਟੂ)-1 ਮਾਰਚ ਨੂੰ ਧੂਰੀ ਵਿਖੇ ਹੋ ਰਹੇ ਕੱਬਡੀ ਕੱਪ ਦਾ ਪੋਸਟਰ ਅੱਜ ਆਮ ਆਦਮੀ ਪਾਰਟੀ ਦੇ ਆਗੂ ਸਤਿੰਦਰ ਸਿੰਘ ਚੱਠਾ ਨੇ ਰਿਲੀਜ਼ ਕੀਤਾ। ਯੂਥ ਸਪੋਰਟਸ ਵੈਲਫੇਅਰ ਕਲੱਬ ਧੂਰੀ ਪਿੰਡ ਅਤੇ ਇਮੀਗਰੇਸ਼ਨ ਦੇ ਖੇਤਰ ਵਿੱਚ ਪੰਜਾਬ ਦਾ ਮਾਣਮੱਤਾ ਨਾਂਅ 'ਦਿ ਐੱਜ ਓਵਰਸੀਜ਼ ਕੰਸਲਟੈਂਟਸ ਧੂਰੀ' ਵੱਲੋਂ ਪੰਜਵਾਂ ਧੂਰੀ ਪਿੰਡ ਕਬੱਡੀ ਕੱਪ 1 ਮਾਰਚ ਨੂੰ ਸਥਾਨਕ ਨਵੀਂ ਅਨਾਜ ਮੰਡੀ ਧੂਰੀ ਵਿਖੇ ਕਰਵਾਇਆ ਜਾ ਰਿਹਾ ਹੈ। 'ਦਿ ਐੱਜ ਓਵਰਸੀਜ ਕੰਸਲਟੈਂਟਸ ਧੂਰੀ' ਦੇ ਸੀ.ਐੱਮ.ਡੀ ਜਗਸੀਰ ਸਿੰਘ ਜੱਗੀ ਢੀਂਡਸਾ ਅਤੇ ਕਲੱਬ ਪ੍ਰਧਾਨ ਤਲਵਿੰਦਰ ਸਿੰਘ ਨੀਟੂ ਮੰਡੇਰ ਨੇ ਦੱਸਿਆ ਕਿ ਇਸ ਵਾਰ ਸਾਡੇ ਕਲੱਬ ਵਲੋ ਮਾਂ ਖੇਡ ਕਬੱਡੀ ਦੇ ਨਵੇਂ ਖਿਡਾਰੀ ਤਿਆਰ ਕਰਨ ਲਈ ਕਬੱਡੀ ਦੇ ਵਜ਼ਨੀ ਮੈਚ ਵੀ ਕਰਵਾਏ ਜਾਣਗੇ । ਕਬੱਡੀ 50 ਕਿਲੋ ਤੇ ਕਬੱਡੀ 72 ਕਿਲੋ ਦੇ ਮੈਚ ਕਰਵਾਏ ਜਾਣਗੇ। ਕਬੱਡੀ ਇੱਕ ਪਿੰਡ ਓਪਨ ਦੀਆਂ 16 ਟੀਮਾਂ ਹੀ ਐਂਟਰ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਆ ਕਿ ਜੇਤੂ ਟੀਮ ਨੂੰ 71 ਹਜ਼ਾਰ ਰੁਪਏ ਨਕਦ, ਦੂਜਾ ਇਨਾਮ 51 ਹਜ਼ਾਰ ਰੁਪਏ ਹੋਵੇਗਾ, ਜਦਕਿ ਬੈਸਟ ਰੇਡਰ ਤੇ ਜਾਫੀ ਨੂੰ 11/11 ਹਜ਼ਾਰ ਰੁਪਏ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ।

ਸੰਤ ਰਵਿਦਾਸ ਜੈਅੰਤੀ ਦੇ ਸ਼ੁੱਭ ਮੌਕੇ ਮਾਊਂਟ ਲਿਟਰਾ ਜ਼ੀ ਸਕੂਲ 'ਚ ਵਿਸ਼ੇਸ਼ ਸਭਾ

ਰਾਮਪੁਰਾ ਫੂਲ (ਦਰਸ਼ਨ ਸਿੰਦਲ)-ਸੀ.ਬੀ.ਐਸ.ਈ ਦਿੱਲੀ ਨਾਲ ਮਾਨਤਾ ਪ੍ਰਾਪਤ ਮਾਊਂਟ ਲਿਟਰਾ ਜ਼ੀ ਸਕੂਲ ਰਾਮਪੁਰਾ ਵਿਖੇ ਸੰਤ ਰਵਿਦਾਸ ਜੈਅੰਤੀ ਦੇ ਸ਼ੁੱਭ ਮੌਕੇ ਸੱਤਵੀਂ ਜਮਾਤ ਵੱਲੋਂ ਇੱਕ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ। ਇਸ ਤੋਂ ਬਾਅਦ ਪਲੈੱਜ, ਜ਼ੀ ਗੀਤ ਅਤੇ ਮੌਕੇ ਨਾਲ ਸਬੰਧਤ ਗੀਤ ਪੇਸ਼ ਕੀਤਾ ਗਿਆ। ਇਸ ਦਿਨ ਨੂੰ ਹੋਰ ਵੀ ਖਾਸ ਬਣਾਉਣ ਲਈ ਨਾਟਕ ਦੀ ਪੇਸ਼ਕਾਰੀ ਰਾਹੀਂ ਸੰਤ ਰਵਿਦਾਸ ਜੀ ਦੇ ਜੀਵਨ ਦੀਆਂ ਅਹਿਮ ਘਟਨਾਵਾਂ ਨੂੰ ਵੀ ਪੇਸ਼ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਸੰਤ ਰਵਿਦਾਸ ਜੀ ਦੇ ਆਦਰਸ਼ਾਂ ਅਤੇ ਸਿੱਖਿਆਵਾਂ ਬਾਰੇ ਵਿਦਿਆਰਥੀਆਂ ਵਿੱਚ ਜਾਗਰੂਕਤਾ ਵਧਾਉਣਾ ਸੀ। ਪ੍ਰੋਗਰਾਮ ਦੀ ਸਮਾਪਤੀ ਪ੍ਰੇਰਨਾਦਾਇਕ ਭਾਸ਼ਣ ਨਾਲ ਹੋਈ।ਜਿਸ ਰਾਹੀਂ ਸੰਤ ਰਵਿਦਾਸ ਜੀ ਦੇ ਜੀਵਨ, ਉਨ੍ਹਾਂ ਦੇ ਸਦਭਾਵਨਾ ਅਤੇ ਸਮਾਨਤਾ ਦੇ ਸੰਦੇਸ਼ 'ਤੇ ਚਾਨਣਾ ਪਾਇਆ ਗਿਆ।ਇਸ ਮੌਕੇ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਅਤੇ ਪ੍ਰਿੰਸੀਪਲ ਗੀਤਾ ਪਿੱਲੇ ਨੇ ਇਸ ਸਮਾਗਮ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਸਮਾਜਿਕ ਸਦਭਾਵਨਾ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਜੋੜਨ ਵਿੱਚ ਮਦਦ ਕਰਦੇ ਹਨ। ਸਕੂਲ ਨੇ ਭਵਿੱਖ ਵਿੱਚ ਵੀ ਅਜਿਹੇ ਸਮਾਗਮ ਜਾਰੀ ਰੱਖਣ ਅਤੇ ਵਿਦਿਆਰਥੀਆਂ ਨੂੰ ਸੰਤ ਰਵਿਦਾਸ ਜੀ ਦੇ ਵਿਚਾਰਾਂ ਨਾਲ ਪ੍ਰੇਰਿਤ ਕਰਨ ਦੀ ਵਚਨਬੱਧਤਾ ਪ੍ਰਗਟਾਈ।

ਹੋਲੀ ਹਾਰਟ ਸਕੂਲ ਵਿਖੇ ਵਿਦਿਆਰਥੀਆਂ ਵੱਲੋਂ ਵਿਦਾਇਗੀ ਪਾਰਟੀ

ਅਜੀਤਵਾਲ (ਨਛੱਤਰ ਸੰਧੂ)-ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਵਿਦਾਇਗੀ ਪਾਰਟੀ ਦਿੱਤੀ ਗਈ।ਸੰਸਥਾ ਦੇ ਚੇਅਰਮੈਨ ਸੁਭਾਸ਼ ਪਲਤਾ ਸ੍ਰੈਅ ਪਲਤਾ ਅਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਦੌਰਾਨ ਸੰਸਥਾ ਦੇ ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਦੀ ਤਰਜਮਾਨੀ ਕਰਦੇ ਪੰਜਾਬੀ ਪਹਿਰਾਵਾ ਪਹਿਨ ਕੇ ਸਮਾਗਮ ਵਿੱਚ ਹਿੱਸਾ ਲਿਆ।ਵਿਦਿਆਰਥੀਆਂ ਵੱਲੋਂ ਦੂਸਵੀਂ ਜਮਾਤ ਦੇ ਵਿਦਿਆਰਥੀਆਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਉੱਪਰ ਢੁੱਕਵੇਂ ਗੀਤ ਦੇ ਕੁਮੈਂਟ ਕੀਤੇ ਗਏ ਤੇ ਹੋਰ ਮਨੋਰੰਜਨ ਪੇਸ਼ਕਾਰੀ ਕੀਤੀ ਗਈ।ਇਸ ਮੌਕੇ ਵਿਦਿਆਰਥੀਆਂ ਵੱਲੋਂ ਅਧਿਆਪਕਾਂ ਉੱਪਰ ਵੀ ਢੁਕਵੇਂ ਕੁਮੈਂਟ ਕੀਤੇ ਗਏ।ਅਧਿਆਪਕਾਂ ਵੱਲੋਂ ਅਲੱਗ ਅਲੱਗ ਪ੍ਰਕਾਰ ਦੀਆਂ ਗੇਮਾਂ ਵੀ ਖੇਡੀਆਂ ਗਈਆਂ।ਸੰਸਥਾ ਦੇ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਅ ਪਲਤਾ ਅਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਉਹ ਉੱਚ ਸਿੱਖਿਆ ਪ੍ਰਾਪਤ ਕਰਕੇ ਆਪਣੇ ਪੈਰਾਂ ਤੇ ਖੜੇ ਹੋਣ ਲਈ ਹੋਰ ਸਖਤ ਮਿਹਨਤ ਕਰਨ। ਕਿਉਂਕਿ ਸਿੱਖਿਆ ਦੇ ਚਾਨਣ ਤੋਂ ਬਿਨਾਂ ਜ਼ਿੰਦਗੀ ਨੂੰ ਰੁਸ਼ਨਾਇਆ ਨਹੀਂ ਜਾ ਸਕਦਾ। ਇਸ ਮੌਕੇ ਵਿਦਿਆਰਥੀਆਂ ਨੇ ਸੱਭਿਆਚਾਰਕ ਵੰਨਗੀਆਂ ਦੀ ਪੇਸ਼ਕਾਰੀ ਕੀਤੀ।ਸਕੂਲ ਵੱਲੋਂ ਇਹਨਾਂ ਵਿਦਿਆਰਥੀਆਂ ਨੂੰ ਤੋਹਫੇ ਦਿੱਤੇ ਗਏ।ਇਸ ਮੌਕੇ ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

ਸਰਕਾਰੀ ਪ੍ਰਾਇਮਰੀ ਸਕੂਲ ਮਾਛੀਕੇ ਨੂੰ ਚਾਰਦੀਵਾਰੀ ਲਈ ਗਰਾਂਟ ਜਾਰੀ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਸਰਕਾਰੀ ਪ੍ਰਾਇਮਰੀ ਸਕੂਲ ਮਾਛੀਕੇ ਨੂੰ ਐੱਮ ਐਲ ਏ ਮਨਜੀਤ ਸਿਘ ਬਿਲਾਸਪੁਰ ਨੇ ਚਾਰਦੀਵਾਰੀ ਲਈ ਗਰਾਂਟ ਜਾਰੀ ਕੀਤੀ, ਜਿਸ ਦਾ ਉਦਘਾਟਨ ਸਰਪੰਚ ਜਗਮੋਹਨ ਸਿੰਘ ਸਮੂਹ ਗਰਾਮ ਪੰਚਾਇਤ ਅਤੇ ਪਿੰਸੀਪਲ ਕੁਲਵਿੰਦਰ ਕੌਰ, ਸਮੂਹ ਸਟਾਫ਼, ਸਕੂਲ ਦੀ ਕਮੇਟੀ ਬਲਾਕ ਪ੍ਰਧਾਨ ਡਾਕਟਰ ਬੱਬੂ ਮਾਛੀਕੇ ਤੇ ਆਮ ਆਦਮੀ ਪਾਰਟੀ ਦੀ ਟੀਮ ਵੱਲੋਂ ਕੀਤਾ ਗਿਆ। ਇਸ ਸਮੇਂ ਬਿੱਟੂ ਆੜ੍ਹਤੀਆ, ਪੰਚ ਜਗਜੀਤ ਸਿੰਘ, ਪੰਚ ਹਾਕਮ ਸਿੰਘ, ਪੰਚ ਪਰਿਮਦਰ ਸਿੰਘ, ਪੰਚ ਭੋਲਾ ਸਿੰਘ, ਪੰਚ ਡਾਕਟਰ ਕੁਲਦੀਪ ਸਿੰਘ, ਪੰਚ ਮੈਂਗਲ ਸਿੰਘ, ਆਪ ਆਗੂ ਗੁਰਪਿਆਰ, ਆਪ ਆਗੂ ਚੰਦ ਸਿੰਘ, ਆਪ ਆਗੂ ਬਲਤੇਜ ਸਿੰਘ, ਆਪ ਆਗੂ ਅਮਰਜੀਤ ਸਿੰਘ ਮਿੱਟੂ, ਆਪ ਆਗੂ ਸੱਤੂ ਆੜ੍ਹਤੀਆ, ਆਪ ਆਗੂ ਕਰਮਜੀਤ ਸਿੰਘ, ਸਾਬਕਾ ਪੰਚ ਕਰਮਜੀਤ ਸਿੰਘ ਕੈਰੀ, ਮਲਕੀਤ ਗਿੱਲ, ਸਮੂਹ ਸਟਾਫ਼ ਤੇ ਸਕੂਲ ਦੀ ਕਮੇਟੀ ਦੇ ਮੈਂਬਰ ਹਾਜ਼ਰ ਸਨ।

ਇਲੈਕਟ੍ਰੋਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਦਾ ਸਾਲਾਨਾ ਚੋਣ ਇਜਲਾਸ

ਮੋਗਾ (ਇਕਬਾਲ ਸਿੰਘ ਖਹਿਰਾ)-ਇਲੈਕਟ੍ਰੋਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਰਜਿ. 404 ਪੰਜਾਬ ਦਾ ਸਾਲਾਨਾ ਚੋਣ ਇਜਲਾਸ ਚੌਖਾ ਅੰਪਾਇਰ ਹੋਟਲ ਬੁੱਗੀਪੁਰਾ ਚੌਕ ਮੋਗਾ ਵਿੱਚ 15 ਫਰਵਰੀ ਨੂੰ ਹੋਇਆ। ਜਿਸ ਵਿੱਚ ਡਾ. ਜਗਜੀਤ ਸਿੰਘ ਗਿੱਲ ਨੇ ਐਸੋਸੀਏਸ਼ਨ ਦੀਆਂ ਪਿਛਲੇ ਸਾਲ ਦੀਆਂ ਗਤੀਵਿਧੀਆਂ ਤੇ ਚਾਨਣਾ ਪਾਇਆ ਅਤੇ ਐਗਜ਼ੈਕਟਿਵ ਕਮੇਟੀ ਨੂੰ ਭੰਗ ਕੀਤਾ। ਖ਼ਜ਼ਾਨਚੀ ਡਾ. ਸੰਤੋਖ ਸਿੰਘ ਜੋਸਨ ਨੇ ਪਿਛਲੇ ਸਾਲ ਦਾ ਲੇਖਾ ਜੋਖਾ ਪੇਸ਼ ਕੀਤਾ। ਉਪਰੰਤ ਸਰਬਸੰਮਤੀ ਦੇ ਨਾਲ ਡਾ ਜਗਤਾਰ ਸਿੰਘ ਸੇਖੋਂ ਚੇਅਰਮੈਨ, ਡਾ. ਜਗਮੋਹਨ ਸਿੰਘ ਪ੍ਰਧਾਨ, ਡਾ. ਮਨਪ੍ਰੀਤ ਸਿੰਘ ਸਿੱਧੂ, ਡਾ. ਜਸਵਿੰਦਰ ਸਿੰਘ ਸਮਾਧਭਾਈ, ਡਾ. ਸ਼ਿੰਦਰ ਸਿੰਘ ਕਲੇਰ ਕੋਰ ਕਮੇਟੀ ਮੈਂਬਰ, ਡਾ. ਪਰਮਿੰਦਰ ਕੁਮਾਰ ਪਾਠਕ ਜਨਰਲ ਸਕੱਤਰ, ਡਾ. ਜਸਵੀਰ ਸ਼ਰਮਾ ਭਗਤਾ ਸਹਾਇਕ ਸਕੱਤਰ, ਡਾ. ਹਰਦੇਵ ਸਿੰਘ ਸੈਣੀ ਅੰਬਾਲਾ ਮੀਤ ਪ੍ਰਧਾਨ, ਡਾ. ਐੱਸ ਕੇ ਕਟਾਰੀਆ ਮੀਤ ਪ੍ਰਧਾਨ, ਡਾ. ਅਵਤਾਰ ਸਿੰਘ ਦੇਵਗਨ ਪ੍ਰੈੱਸ ਸਕੱਤਰ, ਡਾ. ਰੋਬਿਨ ਅਰੋੜਾ ਸਹਾਇਕ ਪ੍ਰੈਸ ਸਕੱਤਰ, ਡਾ. ਸੰਤੋਖ ਸਿੰਘ ਖ਼ਜ਼ਾਨਚੀ, ਡਾ. ਕਮਲਜੀਤ ਕੌਰ ਸੇਖੋਂ ਆਫ਼ਿਸ ਸਕੱਤਰ, ਵਰਿੰਦਰ ਸਿੰਘ ਤੂਰ ਮੀਟਿੰਗ ਕੋਆਰਡੀਨੇਟਰ ਅਤੇ ਐਗਜ਼ੈਕਟਿਵ ਮੈਂਬਰ ਡਾ. ਸੁਨੀਲ ਸਹਿਗਲ ਪਾਣੀਪਤ, ਡਾ. ਕਿਸ਼ੋਰ ਕੁਮਾਰ ਬਠਿੰਡਾ, ਡਾ. ਸੁਰਜੀਤ ਸਿੰਘ ਤਰਨ ਤਾਰਨ, ਡਾ. ਤਰਲੋਕ ਸਿੰਘ ਮੁਕਤਸਰ, ਡਾ. ਮੋਹਨ ਸਿੰਘ ਭਦੌੜ, ਡਾ. ਧਰਮਪਾਲ ਸਿੰਘ ਜਗਰਾਉਂ, ਡਾ. ਮੁਕੇਸ਼ ਕੁਮਾਰ ਫਿਰੋਜ਼ਪੁਰ, ਡਾ. ਸੰਜੀਵ ਜੁਨੇਜਾ ਫ਼ਰੀਦਕੋਟ, ਡਾ. ਹਰਦੀਪ ਠਾਕੁਰ ਕਪੂਰਥਲਾ ਚੁਣੇ ਗਏ।ਇਸ ਸਮੇਂ ਐਸੋਸੀਏਸ਼ਨ ਦੇ ਚੈਅਰਮੈਨ ਡਾ. ਜਗਤਾਰ ਸਿੰਘ ਸੇਖੋਂ ਨੇ ਨਬਜ਼ ਦੀ ਜਾਂਚ ਕਰਨ ਦੇ ਅਡਵਾਂਸ ਤਰੀਕੇ ਬਾਰੇ ਜਾਣਕਾਰੀ ਦਿੱਤੀ। ਡਾ. ਕਮਲਜੀਤ ਕੌਰ ਸੇਖੋਂ ਨੇ ਇਲੈਕਟ੍ਰੋਹੋਮਿਉਪੈਥੀ ਦੇ 2 ਪੌਦਿਆਂ ਬਾਰੇ ਜਾਣਕਾਰੀ ਦਿੱਤੀ। ਡਾ. ਪਰਮਿੰਦਰ ਕੁਮਾਰ ਪਾਠਕ ਨੇ ਇਲੈਕਟ੍ਰੋਹੋਮਿਉਪੈਥੀ ਦੀ ਦਵਾਈ ਵਰਮੀਫਿਊਗੋ 1 ਦੇ ਕੰਮਾਂ ਬਾਰੇ ਦੱਸਿਆ। ਡਾ. ਸ਼ਿੰਦਰ ਸਿੰਘ ਕਲੇਰ ਇਲੈਕਟ੍ਰੋਹੋਮਿਉਪੈਥੀ ਦੀ ਦਵਾਈ ਬਲਿਊ ਇਲੈਕਟ੍ਰੀਸਿਟੀ ਦੇ ਕੰਮਾਂ ਬਾਰੇ ਦੱਸਿਆ।

ਇਸ ਸਮੇਂ ਡਾ. ਅਵਤਾਰ ਸਿੰਘ ਦੇਵਗਨ, ਡਾ. ਜਸਵੀਰ ਸ਼ਰਮਾ, ਡਾ. ਐਸ ਕੇ ਕਟਾਰੀਆ, ਡਾ. ਜਸਵੀਰ ਕਟਾਰੀਆ, ਡਾ. ਜਗਮੋਹਨ ਸਿੰਘ ਨੇ ਆਪਣੇ ਕਲੀਨੀਕਲ ਤਜਰਬੇ ਸਾਂਝੇ ਕੀਤੇ।ਇਸ ਸਮੇਂ ਪ੍ਰਧਾਨ ਡਾ. ਜਗਮੋਹਨ ਸਿੰਘ ਨੇ ਸਾਰਿਆਂ ਡਾਕਟਰਾਂ ਦਾ ਧੰਨਵਾਦ ਕੀਤਾ ਅਤੇ ਅਗਲੇ ਮਹੀਨੇ ਦੀ 15 ਤਰੀਖ ਨੂੰ ਮੀਟਿੰਗ ਵਿੱਚ ਪਹੁੰਚਣ ਬੇਨਤੀ ਕੀਤੀ। ਇਸ ਸਮੇਂ ਪੰਜਾਬ, ਹਰਿਆਣਾ ਤੋਂ ਵੱਡੀ ਗਿਣਤੀ ਵਿੱਚ ਡਾਕਟਰ ਪਹੁੰਚੇ ਹੋਏ ਸਨ।

ਪੰਜਾਬੀ ਮਾਂ ਬੋਲੀ ਦੇ ਦਿਨ ਨੂੰ ਵੱਡੇ ਪੱਧਰ 'ਤੇ ਅੰ

16 Feb Page-3.qxd 2/15/2025 10:43 PM Page 1

ਅਣ-ਅਧਿਕਾਰਤ ਕਲੋਨੀਆਂ ਖ਼ਿਲਾਫ਼ ਕੱਸਿਆ ਸ਼ਿਕੰਜਾ; ਉਧੀਪੁਰ 'ਚ 2 ਕਲੋਨੀਆਂ ਢਹਿ-ਢੇਰੀ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਅਣ-ਅਧਿਕਾਰਤ ਕਲੋਨੀਆਂ ਖ਼ਿਲਾਫ਼ ਕਾਰਵਾਈ ਲਗਾਤਾਰ ਜਾਰੀ ਹੈ। ਇਸੇ ਕੜੀ ਤਹਿਤ ਅੱਜ ਅਰੁਣ ਕੁਮਾਰ, ਡਿਊਟੀ ਮੈਜਿਸਟਰੇਟ ਦੀ ਨਿਗਰਾਨੀ ਹੇਠ ਪੁਨੀਤ ਡਿਗਰਾ, ਸਹਾਇਕ ਨਗਰ ਯੋਜਨਾਕਾਰ, ਦਵਿੰਦਰਪਾਲ ਸਿੰਘ, ਜੂਨੀਅਰ ਇੰਜੀਨੀਅਰ ਅਤੇ ਜ਼ਿਲ੍ਹਾ ਪ੍ਰਸ਼ਾਸਨ/ਰੈਗੂਲੇਟਰੀ ਦੀ ਸਾਂਝੀ ਟੀਮ ਵੱਲੋਂ ਪਾਪਰਾ ਐਕਟ 1995 ਦੀ ਉਲੰਘਣਾ ਕਰਦੇ ਹੋਏ ਦੀਨਾਨਗਰ ਦੇ ਪਿੰਡ ਉਧੀਪੁਰ ਵਿਖੇ ਹੋਂਦ ਵਿੱਚ ਆਈਆਂ 2 ਅਣ-ਅਧਿਕਾਰਤ ਕਲੋਨੀਆਂ ਨੂੰ ਢਾਹ ਦਿੱਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਭਵਿੱਖ ਦੇ ਵਿਕਾਸ ਨੂੰ ਨਿਯੰਤਰਨ ਕਰਨ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਦੀਨਾਨਗਰ ਦੇ ਪਿੰਡ ਉਧੀਪੁਰ ਵਿਖੇ ਵਿਕਸਿਤ ਕੀਤੀਆਂ ਗਈਆਂ ਅਣ-ਅਧਿਕਾਰਤ ਕਲੋਨੀਆਂ ਨੂੰ ਪਾਪਰਾ ਐਕਟ-1995 ਅਧੀਨ ਨੋਟਿਸ ਜਾਰੀ ਕਰਕੇ ਡੈਮੋਲੀਸ਼ਨ ਦੀ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਅਣ-ਅਧਿਕਾਰਤ ਕਲੋਨੀ ਕੱਟਣ ਵਾਲੇ ਵਿਅਕਤੀ

ਵਿਰੁੱਧ ਪਾਪਰਾ ਐਕਟ-1995 ਦੀ ਸੋਧ 2024 ਅਨੁਸਾਰ 5 ਤੋਂ 10 ਸਾਲ ਦੀ ਕੈਦ ਅਤੇ 25 ਲੱਖ ਤੋਂ 5 ਕਰੋੜ ਦਾ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਰੈਗੂਲੇਟਰੀ ਵਿੰਗ ਵੱਲੋਂ ਸਮੇਂ-ਸਮੇਂ ਤੇ ਜ਼ਿਲ੍ਹਾ ਗੁਰਦਾਸਪੁਰ ਅੰਦਰ ਵਿਕਸਿਤ ਕੀਤੀਆਂ ਜਾ ਰਹੀਆਂ ਅਣ-ਅਧਿਕਾਰਤ ਕਲੋਨੀਆਂ ਅਤੇ ਉਸਾਰੀਆਂ ਦਾ ਮੌਕਾ ਚੈਕ ਕਰਦੇ ਹੋਏ ਸਬੰਧਿਤ ਐਕਟ ਤਹਿਤ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਸਬੰਧਿਤ ਥਾਣਾ ਅਫ਼ਸਰ ਨੂੰ ਅਗਲੇਰੀ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਜਾ ਰਿਹਾ ਹੈ।ਇਸ ਮੌਕੇ ਆਮ ਜਨਤਾ ਨੂੰ ਅਪੀਲ ਕਰਦੇ ਹੋਏ ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਉਹ ਗੈਰ-ਕਨੂੰਨੀ ਕਲੋਨੀਆਂ ਜੋ ਕਿ ਸਰਕਾਰ ਤੋਂ ਮਨਜ਼ੂਰਸ਼ੁਦਾ ਨਹੀਂ ਹਨ, ਵਿੱਚ ਪਲਾਟ ਨਾ ਖ਼ਰੀਦਣ ਅਤੇ ਕਿਸੇ ਵੀ ਕਲੋਨੀ ਵਿੱਚ ਪਲਾਟ ਖ਼ਰੀਦਣ ਤੋਂ ਪਹਿਲਾਂ ਸਰਕਾਰ ਦੀ ਮਨਜ਼ੂਰੀ ਦੀ ਮੰਗ ਜ਼ਰੂਰ ਕਰਨ ਤਾਂ ਜੋ ਉਨ੍ਹਾਂ ਦੇ ਧਨ-ਮਾਲ ਦਾ ਨੁਕਸਾਨ ਨਾ ਹੋ ਸਕੇ ਅਤੇ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਨੇ ਕਿਹਾ ਕਿ ਪੁੱਡਾ ਦੇ ਖੇਤਰ ਵਿੱਚ 19 ਮਾਰਚ 2018 ਤੋਂ ਪਹਿਲਾਂ ਦੀਆਂ ਜੋ ਵੀ ਅਣ-ਅਧਿਕਾਰਤ ਕਲੋਨੀਆਂ ਅਪਲਾਈਡ ਹਨ, ਉਹ ਕਲੋਨਾਈਜ਼ਰ ਲੋੜੀਂਦੇ ਦਸਤਾਵੇਜ਼ ਜਮ੍ਹਾ ਕਰਵਾਉਂਦੇ ਹੋਏ ਤੁਰੰਤ ਆਪਣੀਆਂ ਕਲੋਨੀਆਂ ਨੂੰ ਰੈਗੂਲਰ ਕਰਵਾਉਣ ਨਹੀਂ ਤਾਂ ਉਨ੍ਹਾਂ ਖ਼ਿਲਾਫ਼ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਕਲੋਨਾਈਜ਼ਰ/ਪ੍ਰਮੋਟਰ ਵਿਭਾਗ ਦੀ ਬਿਨਾਂ ਪ੍ਰਵਾਨਗੀ ਲਏ ਕੋਈ ਉਸਾਰੀ ਕਰਦਾ ਹੈ ਤਾਂ ਉਨ੍ਹਾਂ ਖ਼ਿਲਾਫ਼ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਮੰਡਲ ਯੂਨਿਟ ਧਾਰੀਵਾਲ ਦੀ ਇਕੱਤਰਤਾ

❑ ਪੰਜਾਬ ਦੀ ਮੌਜੂਦਾ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਸ਼ਰੇਆਮ ਕਰ ਰਹੀ ਹੈ ਧੱਕਾ : ਆਗੂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਮੰਡਲ ਯੂਨਿਟ ਧਾਰੀਵਾਲ ਦੀ ਮੀਟਿੰਗ ਮੰਡਲ ਪ੍ਰਧਾਨ ਹਰਕਿਰਪਾਲ ਸਿੰਘ ਸੋਹਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਰਕਲ ਪ੍ਰਧਾਨ ਹਜਾਰਾ ਸਿੰਘ ਗਿੱਲ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਮੀਟਿੰਗ ਦੌਰਾਨ ਮਹਿੰਦਰ ਪਾਲ ਸਿੰਘ ਸਕੱਤਰ ਤੇ ਹਜਾਰਾ ਸਿੰਘ ਗਿੱਲ ਨੇ ਦੱਸਿਆ ਕਿ ਪੰਜਾਬ ਦੀ ਮੌਜੂਦਾ ਸਰਕਾਰ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਸ਼ਰੇਆਮ ਧੱਕਾ ਕਰ ਰਹੀ ਹੈ। ਇਸ ਸਮੇਂ ਕੇਂਦਰੀ ਸਰਕਾਰ ਮੁਲਾਜ਼ਮਾਂ ਦਾ ਅੱਠਵਾਂ ਪੇ ਕਮਿਸ਼ਨ ਗਠਨ ਕਰਨ ਦੀ ਮਨਜ਼ੂਰੀ ਪ੍ਰਦਾਨ ਕਰ ਚੁੱਕੀ ਹੈ, ਜਦਕਿ ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਰ ਛੇਵੇਂ ਪੇ ਕਮਿਸ਼ਨ ਦੇ ਬਕਾਇਆ ਅਤੇ ਛੇਵਾਂ

ਪੇ-ਕਮਿਸ਼ਨ ਮੁਕੰਮਲ ਰੂਪ ਵਿੱਚ ਲਾਗੂ ਕਰਵਾਉਣ ਵਾਸਤੇ ਸੰਘਰਸ਼ ਕਰ ਰਹੇ ਹਨ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਮੌਜੂਦਾ ਪੰਜਾਬ ਸਰਕਾਰ ਮੁੜ ਸਤਾ ਵਿੱਚ ਨਹੀਂ ਆਉਣਾ ਚਾਹੁੰਦੀ ਤੇ ਆਪਣੇ ਪਤਨ ਵੱਲ ਵੱਧ ਰਹੀ ਹੈ, ਜਿਸ ਨੂੰ ਅਮਲੀ ਜਾਮਾ 2027 ਵਿੱਚ ਮੁਲਾਜ਼ਮ/ਪੈਨਸ਼ਨਰ ਜ਼ਰੂਰ ਪਹਿਨਾਉਣਗੇ। ਇਸ ਮੌਕੇ ਪਾਵਰਕਾਮ ਯੂਨੀਅਨ ਦੇ ਸਦੀਵੀ ਵਿਛੋੜਾ ਦੇ ਚੁੱਕੇ ਸਾਥੀ ਬਲਕਾਰ ਸਿੰਘ ਪੰਨੂੰ, ਸਾਥੀ ਜਰਿੰਦਰ ਸਿੰਘ ਆਦਿ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ। ਮੀਟਿੰਗ ਵਿੱਚ ਹਰਦੀਪ ਸਿੰਘ ਖਹਿਰਾ, ਕੁਲਵੰਤ ਸਿੰਘ ਸੱਗੂ, ਅਸ਼ੋਕ ਕੁਮਾਰ, ਕਸ਼ਮੀਰ ਸਿੰਘ, ਸੰਗਤ ਸਿੰਘ, ਅਰਜਨਜੀਤ ਸਿੰਘ, ਸੁਖਵਿੰਦਰ ਸਿੰਘ ਸ਼ਿੰਦਾ, ਸੱਤਪਾਲ ਸਿੰਘ, ਕੁਲਵੰਤ ਸਿੰਘ ਭੰਡਾਲ, ਜਰਨੈਲ ਸਿੰਘ, ਰਤਨ ਚੰਦ, ਜਸਪਾਲ ਸਿੰਘ, ਸੁਲੱਖਣ ਸਿੰਘ, ਜਸਬੀਰ ਸਿੰਘ, ਗੁਰਿੰਦਰ ਕੁਮਾਰ ਆਦਿ ਤੋਂ ਇਲਾਵਾ ਵੀ ਪੈਨਸ਼ਨਰ ਸਾਥੀ ਹਾਜ਼ਰ ਸਨ।

ਕੁੱਟਮਾਰ ਕਰਕੇ ਜ਼ਖ਼ਮੀ ਕਰਨ ਵਾਲਿਆਂ ਖ਼ਿਲਾਫ਼ ਪੁਲਸ ਵੱਲੋਂ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਲੜਾਈ ਝਗੜਾ ਕਰਨ ਵਾਲੇ ਕੁਝ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸਾਹਿਬ ਸਿੰਘ ਪੁੱਤਰ ਗੇਜਾ ਸਿੰਘ ਵਾਸੀ ਪੂਰੋਵਾਲ ਅਰਾਈਆ ਨੇ ਦੱਸਿਆ ਕਿ ਮਿਤੀ 26 ਸਤੰਬਰ 2024 ਨੂੰ ਮੈਂ ਆਪਣੇ ਚਾਚੇ ਦੀ ਲੜਕੀ ਸ਼ਰਨਜੀਤ ਕੌਰ ਦੀ ਸ਼ਿਕਾਇਤ ਸਬੰਧੀ ਪਰਵਿੰਦਰ ਕੌਰ ਡੀ.ਐਸਪੀ. ਦਫਤਰ ਮੋਹਤਬਰ ਪਤਵੰਤੇ ਵਿਅਕਤੀਆਂ ਨਾਲ ਗਿਆ ਸੀ ਤਾਂ ਡੀਐੱਸਪੀ ਸਾਹਿਬ ਨੇ ਦੋਵਾਂ ਪਾਰਟੀਆਂ ਨੂੰ ਦਫਤਰ ਵਿੱਚ ਦੋਨਾਂ ਧਿਰਾਂ ਨੂੰ ਸਮਾਂ ਦਿੱਤਾ ਕਿ ਆਪਸ ਵਿੱਚ ਗੱਲਬਾਤ ਕਰਕੇ ਥੋੜੀ ਦੇਰ ਬਾਅਦ ਦਫਤਰ ਵਿੱਚ ਆਉ ਜਿਸ 'ਤੇ ਮੋਹਤਬਰ ਪਤਵੰਤੇ ਵਿਅਕਤੀ ਆਪਸ ਵਿੱਚ ਗੱਲਬਾਤ ਕਰ ਰਹੇ ਸੀ ਤਾਂ ਅਮਰਜੀਤ ਸਿੰਘ ਨੇ ਤਹਿਸ ਵਿੱਚ ਆ ਕੇ ਲੱਕੜ ਦੇ ਬੈਂਚ ਨੂੰ ਚੁੱਕ ਕੇ ਮੇਰੇ ਸਿਰ ਵਿੱਚ ਮਾਰ ਕੇ ਮੇਨੂੰ ਜ਼ਖਮੀ ਕਰ ਦਿੱਤਾ ਅਤੇ ਬਾਕੀ ਵਿਅਕਤੀਆਂ ਨੇ ਵੀ ਮੇਰੇ ਨਾਲ ਘਸੁੰਨ ਮੁੱਕੀ ਕੀਤੀ ਹੈ। ਪੀੜਤ ਸਿਵਲ ਹਸਤਪਾਲ ਗੁਰਦਾਸਪੁਰ ਵਿਖੇ ਜੇਰੇ ਇਲਾਜ ਰਿਹਾ ਹੈ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਅਮਰਜੀਤ ਸਿੰਘ, ਅਮਰੀਕ ਸਿੰਘ ਪੁੱਤਰਾਨ ਹਰਬੰਸ ਲਾਲ, ਸੰਦੀਪ ਸਿੰਘ ਪੁੱਤਰ ਅਮਰਜੀਤ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਰਮਜੀਤ ਸਿੰਘ ਵਾਸੀ ਪੁਰਾਣਾ ਪਿੰਡ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

ਸਕੂਲ ਦੀ ਚੜ੍ਹਦੀ ਕਲਾ ਤੇ ਪ੍ਰੀਖਿਆਵਾਂ 'ਚ ਸਫਲਤਾ ਲਈ ਕੀਤੀ ਅਰਦਾਸ

ਝਬਾਲ (ਹਰਜਿੰਦਰ ਸਿੰਘ ਸੋਨੀ)- ਅਧਿਆਪਕ ਚੰਗੇ ਨਤੀਜਿਆਂ ਦੀ ਅਰਦਾਸ ਲਈ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਨਤਮਸਤਕ ਹੋਏ। ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਦੇ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਅਧਿਆਪਕ 11 ਫਰਵਰੀ ਦਿਨ ਮੰਗਲਵਾਰ ਨੂੰ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਉਨ੍ਹਾਂ ਨੇ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੇ ਚੰਗੇ ਨਤੀਜਿਆਂ ਅਤੇ ਸਕੂਲ ਦੀ ਚੜ੍ਹਦੀ ਕਲਾ ਦੇ ਲਈ ਅਰਦਾਸ ਕੀਤੀ ।ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਸਕੂਲ ਦੇ ਪ੍ਰਿੰ. ਅਨੁਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਪੇਪਰਾਂ ਵਿੱਚ ਚੰਗੀ ਕਾਰਗੁਜ਼ਾਰੀ ਕਰਨ ਦੇ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਸੀ ਦਰਬਾਰ ਸਾਹਿਬ ਲਈ ਐੱਚਡੀਐੱਫਸੀ ਬੈਂਕ ਵੱਲੋਂ 3 ਬੱਸਾਂ ਤੇ 3 ਵੈਨਾਂ ਭੇਟ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜਦੀ ਸੰਗਤ ਦੀ ਸਹੂਲਤ ਲਈ ਐੱਚਡੀਐੱਫਸੀ ਬੈਂਕ ਵੱਲੋਂ ਕਾਰਪੋਰੇਟ ਸਮਾਜਿਕ ਜਿੰਮੇਵਾਰੀ (ਸੀਐੱਸਆਰ) ਪ੍ਰੋਗਰਾਮ ਤਹਿਤ ਤਿੰਨ ਬੱਸਾਂ ਅਤੇ ਤਿੰਨ ਵੈਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀਆਂ ਗਈਆਂ। ਇਸ ਮੌਕੇ ਮੂਲਮੰਤਰ ਅਤੇ ਗੁਰਮੰਤਰ ਦਾ ਜਾਪ ਕਰਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਅਰਦਾਸ ਕਰਨ ਉਪਰੰਤ ਐੱਚਡੀਐੱਫਸੀ ਬੈਂਕ ਅਧਿਕਾਰੀਆਂ ਨੇ ਇਨ੍ਹਾਂ ਵਾਹਨਾਂ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਸੌਂਪੀਆਂ । ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਗੱਲ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਗੁਰਦੁਆਰਾ ਸਾਹਿਬਾਨ ਦੇ ਸੁਚਾਰੂ ਪ੍ਰਬੰਧਾਂ ਦੇ ਨਾਲ-ਨਾਲ ਵਿੱਦਿਆ ਅਤੇ ਸਿਹਤ ਦੇ ਖੇਤਰ ਵਿਚ ਵੱਡੀਆਂ ਸੇਵਾਵਾਂ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਂਦੇ ਕਾਰਜਾਂ ਵਿਚ ਸੰਗਤਾਂ ਅਤੇ ਵੱਖ-ਵੱਖ ਅਦਾਰਿਆਂ ਵੱਲੋਂ ਵੀ ਵੱਡਾ ਯੋਗਦਾਨ ਪਾਇਆ ਜਾਂਦਾ ਹੈ। ਇਸੇ ਤਰ੍ਹਾਂ ਅੱਜ ਐੱਚਡੀਐੱਫਸੀ ਬੈਂਕ ਵੱਲੋਂ ਸੰਗਤਾਂ ਦੀ ਸਹੂਲਤ ਲਈ ਸੀਐੱਸਆਰ ਪ੍ਰੋਗਰਾਮ ਤਹਿਤ 52 ਸੀਟਰ ਤਿੰਨ ਬੱਸਾਂ ਅਤੇ ਤਿੰਨ

ਛੋਟੀਆਂ ਵੈਨਾਂ ਭੇਟ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਐਚਡੀਐਫਸੀ ਬੈਂਕ ਵੱਲੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਵਿਦਿਅਕ ਅਦਾਰਿਆਂ ਵਿਚ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਦੀ ਸਹੂਲਤ ਲਈ ਕੰਪਿਊਟਰ ਅਤੇ ਸਮਾਰਟ ਕਲਾਸ ਪ੍ਰੋਜੈਕਟਰ ਆਦਿ ਦਿੱਤੇ ਗਏ ਸਨ। ਐਡਵੋਕੇਟ ਧਾਮੀ ਨੇ ਬੈਂਕ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਬੈਂਕ ਵੱਲੋਂ ਅੱਗੇ ਵੀ ਸ਼੍ਰੋਮਣੀ ਕਮੇਟੀ ਦੇ ਕਾਰਜਾਂ ਵਿਚ ਸਹਿਯੋਗ ਕਰਨ ਦੀ ਆਸ ਪ੍ਰਗਟਾਈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਐੱਚਡੀਐੱਫਸੀ ਬੈਂਕ ਅਧਿਕਾਰੀਆਂ ਨੂੰ ਸਿਰੋਪਾਓ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਤੇ ਲੋਈ ਦੇ ਕੇ ਸਨਮਾਨਿਤ ਵੀ ਕੀਤਾ।

ਪ੍ਰੀਖਿਆਵਾਂ ਤੋਂ ਪਹਿਲਾਂ ਵਿਦਿਆਰਥੀਆਂ ਨੇ ਸੀ ਗਰ ਗ੍ਰੰਥ ਸਾਹਿਬ ਦਾ ਲਿਆ ਓਟ ਆਸਰਾ

ਝਬਾਲ (ਹਰਜਿੰਦਰ ਸਿੰਘ ਸੋਨੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਵਿਖੇ ਸਕੂਲ ਵਿਦਿਆਰਥੀਆਂ ਦੀ ਸਾਲਾਨਾ ਪ੍ਰੀਖਿਆਵਾਂ ਵਿੱਚ ਕਾਮਯਾਬੀ ਅਤੇ ਸਕੂਲ ਦੀ ਚੜ੍ਹਦੀ ਕਲਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਟ ਆਸਰਾ ਲੈਂਦਿਆਂ ਸ੍ਰੀ ਸੁਖਮਨੀ ਸਾਹਿਬ ਦੀ ਪਵਿੱਤਰ ਬਾਣੀ ਦੇ ਜਾਪ ਕੀਤੇ ਗਏ।ਉਪਰੰਤ ਸਕੂਲ ਵਿਦਿਆਰਥੀ ਨਾਮਦੀਪ ਸਿੰਘ ਤੇ ਸਾਥੀਆਂ ਵੱਲੋਂ ਰੱਬੀ ਬਾਣੀ ਦਾ ਕੀਰਤਨ ਕੀਤਾ ਗਿਆ।ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਗਿਆਨੀ ਸੋਹਣ ਸਿੰਘ ਸੀਤਲ ਢਾਡੀ/ਕਵੀਸ਼ਰੀ ਗੁਰਮਤਿ ਮਿਸ਼ਨਰੀ ਕਾਲਜ ਗੁਰੂ ਕੀ ਵਡਾਲੀ ਛੇਹਰਟਾ ਸਾਹਿਬ ਦੇ ਕਵੀਸ਼ਰੀ ਅਧਿਆਪਕ ਗੁਰਪ੍ਰੀਤ ਸਿੰਘ ਤੇ ਸਾਥੀਆਂ ਵੱਲੋਂ ਕਵੀਸ਼ਰੀ ਤੇ ਢਾਡੀ ਵਾਰਾਂ ਗਾਇਨ ਕਰਕੇ ਗੁਰਮੁਖੀ ਲਿਪੀ ਦੇ ਮਹੱਤਵ ਅਤੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਬਾਰੇ ਚਾਨਣਾ ਪਾਇਆ ਗਿਆ। ਸਕੂਲ ਪ੍ਰਿੰ. ਡਾ. ਤਰਨਜੀਤ ਸਿੰਘ ਨੇ ਅਗਲੇ ਦਿਨਾਂ ਅੰਦਰ ਸ਼ੁਰੂ ਹੋ ਰਹੀਆਂ ਸਾਲਾਨਾ ਪ੍ਰੀਖਿਆਵਾਂ ਵਿੱਚ ਸਮੂਹ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਜਿਹੜੇ ਵਿਦਿਆਰਥੀ ਆਪਣੀ ਪੜ੍ਹਾਈ ਲਗਨ ਤੇ ਸਖਤ ਮਿਹਨਤ ਨਾਲ ਕਰਦੇ ਹਨ, ਉਹ

ਬੁਲੰਦੀਆਂ ਨੂੰ ਛੂੰਹਦੇ ਹਨ। ਉਨ੍ਹਾਂ ਕਿਹਾ ਕਿ ਪ੍ਰੀਖਿਆਵਾਂ ਦੇ ਦਿਨਾਂ ਅੰਦਰ ਵਿਦਿਆਰਥੀਆਂ ਨੂੰ ਸਿਰਫ ਤੇ ਸਿਰਫ ਆਪਣੀ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਤਾਂ ਜੋ ਉਹ ਇਮਤਿਹਾਨਾਂ ਵਿੱਚ

ਭਗਤ ਧੰਨਾ ਦੀ ਯਾਦ 'ਚ ਅਖੰਡ ਪਾਠ ਦੇ ਭੋਗ ਪਾਏ

ਨਾਭਾ (ਵਰਿੰਦਰ ਵਰਮਾ)-ਭਗਤ ਧੰਨਾ ਜੀ ਮੈਮੋਰੀਅਲ ਟਰੱਸਟ ਨਾਭਾ ਵੱਲੋਂ ਸਲਾਨਾ ਸਮਾਗਮ ਨੂੰ ਮੁੱਖ ਰੱਖਦਿਆਂ 14 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਗੁਰਦੁਆਰਾ ਭਗਤ ਧੰਨਾ ਜੀ ਨਵੀਂ ਅਨਾਜ ਮੰਡੀ ਨਾਭਾ ਵਿੱਚ ਪਾਏ ਗਏ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿੱਚ ਹਾਜ਼ਰੀ ਲਵਾਉਣ ਲਈ ਪਹੁੰਚੇ। ਉਨ੍ਹਾਂ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਜਿੱਥੇ ਗੁਰਬਾਣੀ ਅਤੇ ਇਤਿਹਾਸ ਨਾਲ ਜੁੜਨ ਦਾ ਸੱਦਾ ਦਿੱਤਾ ਉਥੇ ਹੀ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਕੀਤੇ ਜਾਂਦੇ ਧੱਕੇ ਦਾ ਜ਼ਿਕਰ ਵੀ ਕੀਤਾ। ਕੇਂਦਰ ਸਰਕਾਰ ਵੱਲੋਂ ਭੇਜੇ ਗਏ ਖੇਤੀਬਾੜੀ ਮਾਰਕੀਟਿੰਗ ਡਰਾਫਟ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਪਹਿਲਾਂ ਹੀ ਰੱਦ ਕਰਵਾਏ ਗਏ ਕਾਲੇ ਕਾਨੂੰਨਾਂ ਨੂੰ ਸਰਕਾਰ ਚੋਰ- ਮੋਰੀ ਰਾਹੀਂ ਲਾਗੂ ਕਰਨਾ ਚਾਹੁੰਦੀ ਹੈ। ਪੰਜਾਬ ਸਰਕਾਰ ਨੂੰ ਤਾੜਨਾ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਵਿਧਾਨ ਸਭਾ ਵਿੱਚ ਡਰਾਫਟ ਵਿਰੁੱਧ ਮਤਾ ਲੈ ਕੇ ਆਵੇ ਇਕੱਲੀਆਂ ਚਿੱਠੀਆਂ ਲਿਖਣ ਨਾਲ ਕੁਝ ਵੀ ਸੰਵਰਨ ਵਾਲਾ ਨਹੀਂ ਹੈ। ਅਮਰੀਕਾ ਤੋਂ ਡਿਪੋਰਟ ਕੀਤੇ ਗਏ ਲੋਕਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਿਹਾ ਕਿ ਉਹ ਟਰੰਪ ਸਰਕਾਰ ਨਾਲ ਗੱਲ ਕਰੇ। ਇਸ ਤਰੀਕੇ ਨਾਲ ਆਮ ਲੋਕਾਂ ਨੂੰ ਹੱਥਕੜੀਆਂ ਬੇੜੀਆਂ ਲਾ ਕੇ ਆਰਮੀ ਦੇ ਜਹਾਜ਼ ਰਾਹੀਂ ਪੰਜਾਬ ਦੀ ਧਰਤੀ 'ਤੇ ਛੱਡਣਾ ਪੰਜਾਬ ਨੂੰ ਬਦਨਾਮ ਕਰਨ ਵਾਲੀ ਗੱਲ ਹੈ। ਇਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਭੋਗ 'ਤੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪਟਿਆਲਾ, ਸੰਗਰੂਰ ਅਤੇ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਆਗੂਆਂ ਤੋਂ ਇਲਾਵਾ ਆਜ਼ਾਦੀਆ ਐਸੋਸੀਏਸ਼ਨ, ਮੁਨੀਮ ਅਤੇ ਮਜ਼ਦੂਰ ਜਥੇਬੰਦੀਆਂ ਨੇ ਵੀ ਹਾਜ਼ਰੀ ਲਵਾਈ। ਇਸ ਮੌਕੇ ਘੁੰਮਣ ਸਿੰਘ ਰਾਜਗੜ੍ਹ ਨੇ ਸੰਗਤ ਦਾ ਧੰਨਵਾਦ ਕੀਤਾ ।

ਸ੍ਰੀ ਗੁਰੂ ਰਵਿਦਾਸ ਜੀ ਦੇ ਅਵਤਾਰ ਦਿਹਾੜੇ ਮੌਕੇ ਖੂਨਦਾਨ ਕੈਂਪ

ਬੁਢਲਾਡਾ (ਅਸ਼ੋਕ ਲਾਕੜਾ)-ਬੀਤੇ ਦਿਨੀਂ ਇਲਾਕੇ ਦੀ ਸਮਾਜ ਸੇਵੀ ਸੰਸਥਾ ਨੇਕੀ ਫਾਊਂਡੇਸ਼ਨ ਬੁਢਲਾਡਾ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਅਵਤਾਰ ਦਿਹਾੜੇ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ੍ਰੀ ਗੁਰੂ ਰਵਿਦਾਸ ਜੀ ਕਲੱਬ ਦੇ ਸਹਿਯੋਗ ਨਾਲ ਪਿੰਡ ਬਰ੍ਹੇ ਸਾਹਿਬ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ, ਜਿੱਥੇ 35 ਖ਼ੂਨਦਾਨੀਆਂ ਨੇ ਸਰਕਾਰੀ ਬਲੱਡ ਸੈਂਟਰ ਮਾਨਸਾ ਨੂੰ ਖ਼ੂਨਦਾਨ ਕੀਤਾ।ਸੰਸਥਾ ਦੇ ਮੈਂਬਰਾਂ ਨੇ ਦੱਸਿਆ ਕਿ ਜ਼ਿਆਦਾਤਰ ਖ਼ੂਨਦਾਨੀ ਪਹਿਲੀ ਵਾਰ ਖ਼ੂਨਦਾਨ ਕਰਨ ਵਾਲੇ ਸਨ।ਉਨ੍ਹਾਂ ਕਿਹਾ ਕਿ ਇਸ ਨਾਲ ਸੰਸਥਾ ਦੀ ਖ਼ੂਨਦਾਨ ਕਰਨ ਦੀ ਮੁਹਿੰਮ ਨੂੰ ਚੰਗਾ ਹੁੰਗਾ ਮਿਲਦਾ ਹੈ।ਇਸ ਮੌਕੇ ਸੰਸਥਾ ਵੱਲੋਂ ਸਾਰੇ ਖ਼ੂਨਦਾਨੀਆਂ ਦਾ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਨਾਲ ਸਨਮਾਨ ਵੀ ਕੀਤਾ ਗਿਆ। ਕੈਂਪ ਦੌਰਾਨ ਬਲੱਡ ਬੈਂਕ ਤੋਂ ਮੈਡਮ ਸੁਨੈਣਾ ਮੰਗਲਾ, ਕੌਂਸਲਰ ਅਮਨਦੀਪ ਸਿੰਘ, ਕਲੱਬ ਦੇ ਚਰਨਜੀਤ ਸਿੰਘ ਕਾਲਾ, ਪਰਮਜੀਤ ਸਿੰਘ, ਹੰਸ ਰਾਜ ਸਿੰਘ, ਗੁਰਦੀਪ ਸਿੰਘ, ਜੱਗਾ ਸਿੰਘ, ਜਸਪਾਲ ਸਿੰਘ, ਕੁਲਵੀਰ ਸਿੰਘ, ਬਿੰਦਰ ਸਿੰਘ, ਗੁਰਜੰਟ ਸਿੰਘ, ਨਾਇਬ ਸਿੰਘ, ਪਰਮਜੀਤ ਸਿੰਘ ਖ਼ਾਲਸਾ ਅਤੇ ਨੇਕੀ ਫਾਊਂਡੇਸ਼ਨ ਦੇ ਮੈਂਬਰਾਂ ਸਮੇਤ ਸਮੂਹ ਪਿੰਡ ਵਾਸੀ ਹਾਜ਼ਰ ਸਨ।

ਡੀ ਸੀ ਨੇ ਮਾਲ ਵਿਭਾਗ ਦੇ ਕੰਮਾਂ ਦਾ ਲਿਆ ਜਾਇਜ਼ਾ

ਸ੍ਰੀ ਮੁਕਤਸਰ ਸਾਹਿਬ (ਸਮਿੰਦਰ ਪਾਲ, ਪੂਜਾ, ਚਾਵਲਾ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਵਿੱਚ ਬਕਾਇਆ ਪਏ ਇੰਤਕਾਲਾਂ ਦਾ ਜਲਦੀ ਨਿਪਟਾਰਾ ਕੀਤਾ ਜਾਵੇ। ਇਸ ਗੱਲ ਦਾ ਪ੍ਰਗਟਾਵਾ ਰਾਜੇਸ਼ ਤ੍ਰਿਪਾਠੀ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨੇ ਮਾਲ ਵਿਭਾਗ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ।ਉਨ੍ਹਾਂ ਮਾਲ ਵਿਭਾਗ ਦੇ ਸੀ.ਆਰ.ਓ, ਪਟਵਾਰੀਆਂ ਅਤੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਬਕਾਇਆ ਪਏ ਇੰਤਕਾਲਾਂ ਦਾ ਨਿਬੇੜਾ ਪਹਿਲ ਦੇ ਆਧਾਰ 'ਤੇ ਕੀਤਾ ਜਾਵੇ ਤਾਂ ਜੋ ਲੋਕ ਖੱਜਲ ਖੁਆਰ ਨਾ ਹੋਣ।ਉਨ੍ਹਾਂ ਅਨੁਸੂਚਿਤ ਜਾਤੀਆਂ ਅਤੇ ਭੋਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਅਤੇ ਖਾਦੀ ਬੋਰਡ ਨੂੰ ਹਦਾਇਤ ਕੀਤੀ ਕਿ ਜਿਨ੍ਹਾਂ ਲੋੜਵੰਦ ਵਿਅਕਤੀਆਂ ਨੇ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਵੱਖ-ਵੱਖ ਬੈਂਕਾਂ ਰਾਹੀਂ ਕਰਜ਼ਾ ਲਿਆ ਹੈ, ਉਸ ਕਰਜ਼ੇ ਦੀ ਵਸੂਲੀ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਕੀਤੀ ਜਾਵੇ।ਉਨ੍ਹਾਂ ਫਰਦ ਕੇਂਦਰ ਦੇ ਇੰਚਾਰਜਾਂ ਨੂੰ ਵੀ ਹਦਾਇਤ ਕਿ ਜਿਹੜੇ ਵਿਅਕਤੀ ਜਮ੍ਹਾਂਬੰਦੀ ਪ੍ਰਾਪਤ ਕਰਨ ਲਈ ਫਰਦ ਕੇਂਦਰ ਵਿਖੇ ਆਉਂਦੇ ਹਨ, ਉਨ੍ਹਾਂ ਨੂੰ ਪਹਿਲ ਦੇ ਅਧਾਰ 'ਤੇ ਜਮ੍ਹਾਂਬੰਦੀ ਜਾਰੀ ਕੀਤੀ ਜਾਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਜੀਤ ਕੌਰ ਐਸ.ਡੀ.ਐਮ, ਡਾ. ਸੰਜੀਵ ਕੁਮਾਰ ਐਸ.ਡੀ.ਐਮ. ਮਲੋਟ, ਜਸਪਾਲ ਸਿੰਘ ਐਸ.ਡੀ.ਐਮ. ਗਿੱਦੜਬਾਹਾ ਅਤੇ ਮਾਲ ਵਿਭਾਗ ਦੇ ਅਧਿਕਾਰੀ ਮੌਜੂਦ ਸਨ।

ਸਵਾਮੀ ਦਯਾਨੰਦ ਦੀ ਵਰ੍ਹੇਗੰਢ ਤੇ ਸਕੂਲ ਦਾ ਸਥਾਪਨਾ ਦਿਵਸ ਮਨਾਇਆ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਡੀ.ਏ.ਵੀ ਪਬਲਿਕ ਸਕੂਲ ਨੇ ਸਕੂਲ ਦੀ ਪ੍ਰਿੰਸੀਪਲ ਸੰਧਿਆ ਬਠਲਾ ਦੀ ਅਗਵਾਈ ਹੇਠ ਮਹਾਂਰਿਸ਼ੀ ਸਵਾਮੀ ਦਯਾਨੰਦ ਸਰਸਵਤੀ ਦੀ 201ਵੀਂ ਜਨਮ ਵਰ੍ਹੇਗੰਢ ਅਤੇ ਸਕੂਲ ਦਾ ਸਥਾਪਨਾ ਦਿਵਸ ਮਨਾਇਆ। ਸਭ ਤੋਂ ਪਹਿਲਾਂ ਧਾਰਮਿਕ ਆਗੂ ਰਾਮਚੰਦਰ ਸ਼ਾਸਤਰੀ ਦੀ ਅਗਵਾਈ ਹੇਠ ਇੱਕ ਹਵਨ-ਯੱਗ ਕੀਤਾ ਗਿਆ। ਇਸ ਮੌਕੇ 'ਤੇ ਸਕੂਲ ਦੇ ਵਿਦਿਆਰਥੀਆਂ ਦੀਆਂ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ ਸਕੂਲ ਦੀ ਪ੍ਰਿੰਸੀਪਲ ਸੰਧਿਆ ਬਠਲਾ ਨੇ ਕਿਹਾ ਕਿ ਜਿਸ ਸਮੇਂ ਸਵਾਮੀ ਦਯਾਨੰਦ ਜੀ ਦਾ ਜਨਮ ਹੋਇਆ ਸੀ, ਉਸ ਸਮੇਂ ਚਾਰੇ ਪਾਸੇ ਅਗਿਆਨਤਾ, ਜਾਤ-ਪਾਤ ਅਤੇ ਛੂਤ-ਛਾਤ ਦਾ ਹਨ੍ਹੇਰਾ ਫੈਲਿਆ ਹੋਇਆ ਸੀ। ਸਵਾਮੀ ਦਯਾਨੰਦ ਸਰਸਵਤੀ ਨੇ ਜਾਤ-ਪਾਤ ਦਾ ਸਖ਼ਤ ਵਿਰੋਧ ਕੀਤਾ ਅਤੇ ਔਰਤਾਂ ਦੀ ਸਿੱਖਿਆ ਨੂੰ ਉਤਸ਼ਾਹਤ ਕੀਤਾ। ਉਨ੍ਹਾਂ ਨੇ ਸਾਰੇ ਮਨੁੱਖਾਂ ਨੂੰ ਏਕਤਾ, ਪਿਆਰ ਅਤੇ ਭਾਈਚਾਰੇ ਦਾ ਪਾਠ ਪੜ੍ਹਾਇਆ। ਪ੍ਰੋਗਰਾਮ ਦੇ ਅੰਤ ਵਿਚ ਸਕੂਲ ਦੀ ਪ੍ਰਿੰਸੀਪਲ ਅਤੇ ਅਧਿਆਪਕਾਂ ਨੇ ਸਕੂਲ ਦਾ ਨਿਊਜ਼ਲੈਟਰ ਮੈਗਜ਼ੀਨ ਜਾਰੀ ਕੀਤਾ। ਇਸ ਮੌਕੇ 'ਤੇ ਸਕੂਲ ਦਾ ਸਮੁੱਚਾ ਸਟਾਫ਼ ਮੌਜੂਦ ਸੀ।

ਬਾਰ ਐਸੋਸੀਏਸ਼ਨ ਸਮਾਣਾ ਦੀਆਂ ਚੋਣਾਂ ਲਈ ਫਾਰਮ ਭਰਨੇ ਸ਼ੁਰੂ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਬਾਰ ਐਸੋਸੀਏਸ਼ਨ ਸਮਾਣਾ ਦੀਆਂ ਚੋਣਾਂ 28 ਫਰਵਰੀ ਨੂੰ ਹੋਣ ਜਾ ਰਹੀਆਂ ਹਨ। ਇਹ ਚੋਣਾਂ ਚੀਫ ਰਿਟਰਨਿੰਗ ਅਫਸਰ ਐਡਵੋਕੇਟ ਰਵਿੰਦਰ ਕੁਮਾਰ ਸਹੋਤਾ, ਉੱਪ ਰਿਟਰਨਿੰਗ ਅਫਸਰ ਐਡਵੋਕੇਟ ਭੁਪਿੰਦਰ ਸਿੰਘ ਚੀਮਾ ਅਤੇ ਐਡਵੋਕੇਟ ਵਿਪਨ ਬਾਂਸਲ ਦੀ ਨਿਗਰਾਨੀ ਹੇਠ ਹੋਣਗੀਆਂ।ਚੀਫ ਰਿਟਰਨਿੰਗ ਅਫਸਰ ਐਡਵੋਕੇਟ ਰਵਿੰਦਰ ਕੁਮਾਰ ਸਹੋਤਾ ਨੇ ਦੱਸਿਆ ਕਿ 15 ਫਰਵਰੀ ਤੋਂ ਬਾਰ ਐਸੋਸੀਏਸ਼ਨ ਸਮਾਣਾ ਦੀਆਂ ਚੋਣਾਂ ਲਈ ਫਾਰਮ ਭਰਨੇ ਸ਼ੁਰੂ ਹੋ ਗਏ ਹੋ ਕੇ 17 ਫਰਵਰੀ ਤੱਕ ਭਰੇ ਜਾਣਗੇ।18 ਫਰਵਰੀ ਨੂੰ ਫਾਰਮਾਂ ਦੀ ਪੜਤਾਲ ਹੋਵੇਗੀ ਅਤੇ ਉਸੇ ਦਿਨ ਫਾਰਮ ਵਾਪਸ ਲੈਣ ਦੀ ਪ੍ਰਕਿਰਿਆ ਵੀ ਹੋਵੇਗੀ।ਜਿਹੜੇ ਉਮੀਦਵਾਰਾਂ ਦੇ ਫਾਰਮ ਸਹੀ ਪਾਏ ਗਏ ਉਹ ਉਮੀਦਵਾਰ ਚੋਣ ਲੜ ਸਕਣਗੇ।ਚੋਣਾਂ 28 ਫਰਵਰੀ ਨੂੰ ਹੋਣਗੀਆਂ। ਉਨ੍ਹਾਂ ਦੱਸਿਆ ਕਿ ਬਾਰ ਐਸੋਸੀਏਸ਼ਨ ਸਮਾਣਾ ਤੇ ਕੁੱਲ 226 ਐਡਵੋਕੇਟ ਵੋਟਰ ਹਨ ਜਿਨ੍ਹਾਂ ਵਿੱਚੋਂ 4 ਵਕੀਲਾਂ ਦੀਆਂ ਵੋਟਾਂ ਕੱਟ ਦਿੱਤੀਆਂ ਗਈਆਂ ਹਨ, ਬਾਕੀ 222 ਵੋਟਾਂ ਰਹਿ ਗਈਆਂ ਹਨ।222 ਵਕੀਲ ਆਪਣੀ ਵੋਟ ਦਾ ਇਸਤੇਮਾਲ ਕਰਨਗੇ।ਇਹ ਵੋਟਾਂ ਸਵੇਰੇ 10 ਵਜੇ ਤੋਂ ਸ਼ੁਰੂ ਹੋ ਕੇ ਸ਼ਾਮ ਦੇ 4 ਵਜੇ ਤੱਕ ਪੈਣਗੀਆਂ ਅਤੇ ਉਸੇ ਦਿਨ ਸ਼ਾਮ ਨੂੰ ਨਤੀਜਾ ਐਲਾਨ ਦਿੱਤਾ ਜਾਵੇਗਾ।

ਮਨਰੇਗਾ ਕਾਨੂੰਨ ਸਮੇਤ ਹੋਰ ਮੰਗਾਂ ਤੇ ਮਜ਼ਦੂਰਾਂ ਲਈ ਮਜ਼ਬੂਤ ਜਥੇਬੰਦਕ ਢਾਂਚਾ ਉਸਾਰਨਾ ਸਮੇਂ ਦੀ ਲੋੜ : ਚੌਹਾਨ

ਮਾਨਸਾ (ਆਤਮਾ ਸਿੰਘ ਪਮਾਰ)-ਹਰ ਇੱਕ ਲਈ ਸਿੱਖਿਆ, ਸਿਹਤ ਅਤੇ ਰੁਜ਼ਗਾਰ ਸਾਰੀਆਂ ਸਰਕਾਰਾਂ ਹਰ ਸਮੇਂ ਮਾਡਲ ਵਜੋਂ ਪੇਸ਼ ਕਰਕੇ ਆਮ ਲੋਕਾਂ ਤੋਂ ਵੋਟਾਂ ਬਟੋਰਦੀਆਂ ਹਨ ਤੇ ਰਾਜਸੱਤਾ ਦਾ ਅਨੰਦ ਮਾਣ ਰਹੀਆਂ ਤੇ ਸਰਮਾਏਦਾਰ ਘਰਾਣਿਆਂ ਨੂੰ ਮੋਟੇ ਮੁਨਾਫ਼ੇ ਦੇ ਰਹੀਆਂ ਹਨ। ਜਦੋਂ ਕਿ ਇਹ ਕੇਵਲ ਚੰਦ ਲੋਕਾਂ ਲਈ ਹੀ ਲਾਹੇਵੰਦ ਸਾਬਤ ਹੋ ਰਿਹਾ ਹੈ। ਅਮਲੀ ਰੂਪ ਵਿੱਚ ਸਿੱਖਿਆ ਤੇ ਸਿਹਤ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ। ਮਨਰੇਗਾ ਕਾਨੂੰਨ ਬਣੇ ਨੂੰ ਵੀਹ ਸਾਲ ਦਾ ਸਮਾਂ ਹੋ ਗਿਆ ਪ੍ਰੰਤੂ ਭ੍ਰਿਸ਼ਟ ਅਫਸਰਸ਼ਾਹੀ ਤੇ ਸਮੇਂ ਦੇ ਹਾਕਮਾਂ ਨੇ ਇਸ ਨੂੰ ਸਾਰਥਕ ਢੰਗ ਨਾਲ ਲਾਗੂ ਹੀ ਨਹੀਂ ਕੀਤਾ, ਜਿਸ ਦੇ ਸਿੱਟੇ ਵਜੋਂ ਮਜ਼ਦੂਰ ਜਮਾਤ ਨੂੰ ਰੁਜ਼ਗਾਰ ਮੁਹੱਈਆ ਨਹੀ ਹੋ ਸਕਿਆ। ਮਨਰੇਗਾ ਕਾਨੂੰਨ ਸਮੇਤ ਮੰਗਾਂ ਨੂੰ ਲਾਗੂ ਕਰਵਾਉਣ ਲਈ ਮਜ਼ਦੂਰਾਂ ਨੂੰ ਮਜ਼ਬੂਤ ਜਥੇਬੰਦਕ ਢਾਂਚਾ ਉਸਾਰਨਾ ਸਮੇਂ ਦੀ ਮੁੱਖ ਲੋੜ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕਾਮਰੇਡ ਕ੍ਰਿਸ਼ਨ ਸਿੰਘ ਚੌਹਾਨ ਨੇ ਨੇੜਲੇ ਪਿੰਡ ਭੈਣੀ ਬਾਘਾ ਦੇ ਮਨਰੇਗਾ ਮਜ਼ਦੂਰਾਂ ਦੀ ਮੀਟਿੰਗ ਮੌਕੇ ਸੰਬੋਧਨ ਕਰਦਿਆਂ ਕੀਤਾ।ਮਜ਼ਦੂਰ ਆਗੂ ਨੇ ਕਿਹਾ ਕਿ ਮਨਰੇਗਾ ਕਾਮਿਆਂ ਨੂੰ ਘੱਟੋ ਘੱਟ 200 ਦਿਨ, 700 ਰੁਪਏ ਪ੍ਰਤੀ ਦਿਨ ਦਿਹਾੜੀ, ਪ੍ਰੋਗਰੈਸ ਸਿਸਟਮ ਤਹਿਤ ਘੱਟ ਦਿਹਾੜੀ ਬੰਦ ਕਰਨ, ਮਿਣਤੀ ਸਿਸਟਮ ਅਤੇ ਬਕਾਇਆ ਰਾਸ਼ੀ ਜਾਰੀ ਕਰਵਾਉਣ, ਮਨਰੇਗਾ ਕੰਮਾਂ ਲਈ ਬੇਲੋੜਾ ਦਖਲ ਬੰਦ ਕਰਨ ਲਈ ਪੰਜਾਬ ਖੇਤ ਮਜ਼ਦੂਰ ਸਭਾ ਤੇ ਏਟਕ ਵੱਲੋਂ 21 ਫਰਵਰੀ ਨੂੰ ਮਾਨਸਾ ਬੀ ਡੀ ਪੀ ਓ ਦਫਤਰ ਦਾ ਰੋਸ ਪ੍ਰਦਰਸ਼ਨ ਕਰਨ ਉਪਰੰਤ ਘਿਰਾਓ ਵੀ ਕੀਤਾ ਜਾਵੇਗਾ।ਕਿਉਂਕਿ ਸੂਬੇ ਦੀ ਮਾਨ ਸਰਕਾਰ ਗਰੀਬ ਵਿਰੋਧੀ ਨੀਤੀਆਂ ਤੇ ਫ਼ੈਸਲੇ ਧੜਾਂ ਧੜ ਲਾਗੂ ਕਰ ਰਹੀ ਹੈ।ਆਗੂ ਨੇ ਮੰਗ ਕੀਤੀ ਕਿ ਸਮਾਜਿਕ ਸੁਰੱਖਿਆ ਤਹਿਤ ਘੱਟੋ ਘੱਟ ਬੁਢਾਪਾ/ਆਸਰਿਤ ਪੈਨਸ਼ਨ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ, ਹਰ ਲੋੜਵੰਦ ਪਰਵਾਰਾਂ ਨੂੰ ਦਸ ਦਸ ਮਰਲੇ ਦੇ ਪਲਾਟ ਮਕਾਨ ਉਸਾਰੀ ਲਈ ਯੋਗ ਰਾਸ਼ੀ ਦੇਣ ਆਦਿ ਦਲਿਤਾਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਲਾਗੂ ਕੀਤਾ ਜਾਵੇ। ਕਿਸਾਨ ਆਗੂ ਦਲਜੀਤ ਸਿੰਘ ਮਾਨਸ਼ਾਹੀਆ ਨੇ ਕਿਹਾ ਕਿ ਕਿਸਾਨਾਂ ਮਜ਼ਦੂਰਾਂ ਨੂੰ ਸਾਂਝੇ ਰੂਪ 'ਚ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਅੱਗੇ ਆਉਣ ਦੀ ਲੋੜ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੋਤੀ ਸਿੰਘ, ਕਰਨੈਲ ਸਿੰਘ, ਬਾਬੂ ਸਿੰਘ, ਗੁਲਜ਼ਾਰ ਸਿੰਘ, ਨੱਥਾ ਸਿੰਘ, ਅਮਰਜੀਤ ਕੌਰ ਤੇ ਗੇਜੋ ਕੌਰ ਵੀ ਸ਼ਾਮਲ ਸਨ।

ਦੁੱਧ ਦੀ ਮਹੱਤਤਾ ਤੇ ਗੁਣਵੱਤਾ ਸੰਬੰਧੀ ਕੈਂਪ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਪੰਜਾਬ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ-ਨਿਰਦੇਸ਼ਾਂ, ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਪੰਜਾਬ ਕੁਲਦੀਪ ਸਿੰਘ ਜੱਸੋਵਾਲ ਅਤੇ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਗੁਰਵਿੰਦਰ ਸਿੰਘ ਸਿੱਧੂ ਦੀ ਯੋਗ ਅਗਵਾਈ ਹੇਠ ਸਥਾਨਕ ਸ਼ਹੀਦ ਮੇਜਰ ਰਵੀ ਇੰਦਰ ਸਿੰਘ ਸੰਧੂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ ਸਕੂਲੀ ਬੱਚਿਆਂ ਨੂੰ ਦੁੱਧ ਪ੍ਰਤੀ ਜਾਗਰੂਕ ਕਰਨ ਲਈ ਦੁੱਧ ਦੀ ਮਹੱਤਤਾ ਅਤੇ ਗੁਣਵੰਤਾ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ।ਕੈਂਪ ਦੌਰਾਨ ਡੇਅਰੀ ਵਿਕਾਸ ਇੰਸਪੈਕਟਰ ਲਖਮੀਤ ਸਿੰਘ ਨੇ ਵਿਦਿਆਰਥੀਆਂ ਨੂੰ ਫਾਸਟ ਫੂਡ, ਜੰਕ ਫੂਡ ਤੋਂ ਪਰਹੇਜ਼ ਕਰਕੇ ਦੁੱਧ ਅਤੇ ਦੁੱਧ ਤੋਂ ਬਣੀਆਂ ਚੀਜ਼ਾਂ ਆਦਿ ਖਾਣ-ਪੀਣ ਬਾਰੇ ਪ੍ਰੇਰਿਤ ਕੀਤਾ ਅਤੇ ਦੁੱਧ ਪੀਣ ਦੇ ਫਾਇਦੇ ਬਾਰੇ ਵੀ ਦੱਸਿਆ।ਇਸ ਦੌਰਾਨ ਡੇਅਰੀ ਵਿਕਾਸ ਇੰਸਪੈਕਟਰ ਅਰੁਣ ਕੁਮਾਰ ਬਾਂਸਲ ਵਲੋਂ ਵਿਦਿਆਰਥੀਆਂ ਨੂੰ ਸਾਫਟ ਡਰਿੰਕ ਅਤੇ ਦੁੱਧ ਦੀ ਤੁਲਨਾ ਕਰਕੇ ਦੁੱਧ ਦੀ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੂੰ ਬਾਰ੍ਹਵੀਂ ਦੀ ਪੜ੍ਹਾਈ ਕਰਨ ਤੋਂ ਬਾਅਦ ਵੈਟਰਨਰੀ ਅਤੇ ਡੇਅਰੀ ਦੇ ਫੀਲਡ ਵਿੱਚ ਅਫਸਰ ਬਣਨ ਬਾਰੇ ਵੀ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਕੁਲਵਿੰਦਰ ਸਿੰਘ, ਵਾਈਸ ਪ੍ਰਿੰਸੀਪਲ ਲਵਲੀਨ ਕੌਰ, ਗੁਰਪ੍ਰੀਤ ਸਿੰਘ,

16-FEB-PAGE-5.qxd 2/15/2025 10:35 PM Page 1

ਹੱਕੀ ਮੰਗਾਂ ਨੂੰ ਲੈ ਕੇ ਮਨਰੇਗਾ ਮਜ਼ਦੂਰਾਂ ਨੇ ਕੀਤਾ ਚੱਕਾ ਜਾਮ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਹੱਕੀ ਮੰਗਾਂ ਨੂੰ ਲੈ ਕੇ ਬਲਾਕ ਮਹਿਲ ਕਲਾਂ ਨਾਲ ਸਬੰਧਤ ਮਨਰੇਗਾ ਮਜ਼ਦੂਰਾਂ ਵਲੋਂ ਭਾਈ ਲਾਲੋ ਪੰਜਾਬੀ ਮੰਚ ਦੀ ਅਗਵਾਈ ਹੇਠ ਮਹਿਲ ਕਲਾਂ ਵਿਖੇ ਲੁਧਿਆਣਾ-ਬਠਿੰਡਾ ਮੁੱਖ ਮਾਰਗ ਜਾਮ ਕਰ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਮਜ਼ਦੂਰਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਮੰਚ ਦੇ ਕਨਵੀਨਰ ਹਰਜੀਤ ਸਿੰਘ ਖਿਆਲੀ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰਾਂ ਮਜ਼ਦੂਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਪੂਰਾ ਕਰਨ 'ਚ ਗੰਭੀਰ ਨਹੀਂ ਹਨ।ਕੁਝ ਮਹੀਨੇ ਪਹਿਲਾਂ ਧਰਨੇ ਦੌਰਾਨ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਸੀ, ਪਰ ਅੱਜ ਤੱਕ ਇਕ ਵੀ ਮੰਗ ਪੂਰੀ ਨਹੀਂ ਕੀਤੀ ਗਈ। ਉਨ੍ਹਾਂ ਮੰਗ ਕੀਤੀ ਕਿ ਮਨਰੇਗਾ ਮਜ਼ਦੂਰਾਂ ਨੂੰ 31 ਮਾਰਚ ਤੱਕ 100 ਦਿਨਾਂ ਦਾ ਰੁਜ਼ਗਾਰ, ਹਰੇਕ ਪਿੰਡ ਮਨਰੇਗਾ ਮਜ਼ਦੂਰਾਂ ਰਾਹੀਂ 5000 ਬੂਟੇ ਲਵਾਏ ਜਾਣ, ਸਰਕਾਰੀ ਨਰਸਰੀਆਂ ਬਣਾਈਆਂ ਜਾਣ, ਪਾਣੀ ਸੰਭਾਲ ਲਈ ਪਿੰਡਾਂ ਵਿਚ ਥਾਪਰ ਪ੍ਰੋਜੈਕਟ ਮਨਰੇਗਾ ਕਾਮਿਆਂ ਰਾਹੀਂ ਚਲਾਇਆ ਜਾਵੇ, ਮਨਰੇਗਾ ਸਕੀਮ ਤਹਿਤ ਪਸ਼ੂ ਪਾਲਣ ਲਈ ਸ਼ੈਡ ਬਣਵਾਏ ਜਾਣ, ਸਕਿਲ ਡਿਵੈਲਪਮੈਂਟ ਲਈ ਵਿਸ਼ੇਸ਼ ਟ੍ਰੇਨਿੰਗ ਦਾ ਪ੍ਰਬੰਧ ਕੀਤਾ ਜਾਵੇ, ਕਮਿਊਨਿਟੀ ਹੈਲਥ ਸੈਂਟਰ, ਮਹਿਲ ਕਲਾਂ ਨੂੰ ਸਬ-ਡਵੀਜ਼ਨ ਪੱਧਰ ਦੇ ਸਿਵਲ ਹਸਪਤਾਲ ਦਾ ਦਰਜਾ ਦਿੱਤਾ ਜਾਵੇ ਅਤੇ ਸਾਰੀਆਂ ਖਾਲੀ ਆਸਾਮੀਆਂ ਭਰੀਆਂ ਜਾਣ, ਮਹਿਲ ਕਲਾਂ ਬੱਸ ਸਟੈਂਡ 'ਤੇ ਗੰਦੇ/ਬਰਸਾਤੀ ਪਾਣੀ ਦੇ ਨਿਕਾਸ ਦਾ ਠੋਸ ਪ੍ਰਬੰਧ ਕੀਤਾ ਜਾਵੇ।ਇਸ ਸਮੇਂ ਬਲਾਕ ਪ੍ਰਧਾਨ ਬਲਦੇਵ ਸਿੰਘ ਸਹਿਜੜਾ, ਗੁਰਜੀਤ ਸਿੰਘ ਮਾਹਮਦਪੁਰ, ਪੂਰਨ ਸਿੰਘ ਗਹਿਲ, ਬਹਾਦਰ ਸਿੰਘ ਗਹਿਲ, ਦਰਸ਼ਨ ਸਿੰਘ ਸੱਦੋਵਾਲ, ਸਰਪੰਚ ਜਗਰਾਜ ਸਿੰਘ ਟੱਲੇਵਾਲ, ਮੇਜਰ ਸਿੰਘ ਸਹਿਜੜਾ, ਸੁਖਦਰਸ਼ਨ ਸਿੰਘ ਭੋਤਨਾ, ਡਾ: ਜਗਰਾਜ ਸਿੰਘ ਮੂੰਮ, ਹਰਵਿੰਦਰ ਸਿੰਘ ਦੀਵਾਨਾ, ਲਾਭ ਸਿੰਘ ਵਜੀਦਕੇ, ਬੇਅੰਤ ਕੌਰ ਗਾਗੇਵਾਲ, ਦਰਸ਼ਨ ਸਿੰਘ ਨਰਾਇਣਗੜ੍ਹ ਨੇ ਚੇਤਾਵਨੀ ਦਿੱਤੀ ਕਿ ਜੇਕਰ ਸੀਮਤ ਸਮੇਂ 'ਚ ਮੰਗਾਂ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਵੱਡਾ ਸੰਘਰਸ਼ ਵਿੱਢਿਆ ਜਾਵੇਗਾ।ਇਸ ਸਮੇਂ ਹਰਜੀਤ ਕੌਰ ਚੁਹਾਣਕੇ ਕਲਾਂ, ਰਾਜਵਿੰਦਰ ਕੌਰ ਰਾਏਸਰ, ਬਲਦੇਵ ਸਿੰਘ ਕਲਾਲ ਮਾਜਰਾ, ਪਰਮਜੀਤ ਸਿੰਘ ਗਾਂਧੀ, ਭੋਲਾ ਸਿੰਘ ਛੀਨੀਵਾਲ, ਸਿੰਦਰ ਕੌਰ ਭੱਦਲਵੱਢ, ਮਿੱਠੂ ਸਿੰਘ ਪੰਡੋਰੀ, ਬਲਜੀਤ ਕੌਰ ਕੁਰੜ ਆਦਿ ਹਾਜ਼ਰ ਸਨ। ਧਰਨਾਕਾਰੀਆਂ ਨੂੰ ਸ਼ਾਂਤ ਕਰਨ ਲਈ ਪੁੱਜੇ ਐਸ.ਡੀ.ਐਮ. ਮਹਿਲ ਕਲਾਂ ਹਰਕੰਵਲਜੀਤ ਸਿੰਘ, ਤਹਿਸੀਲਦਾਰ ਬਲਵਿੰਦਰ ਸਿੰਘ ਅਤੇ ਐਸ.ਐਮ.ਓ. ਗੁਰਤੇਜਿੰਦਰ ਕੌਰ ਨੇ ਭਰੋਸਾ ਦਿੱਤਾ ਕਿ ਉੱਚ ਅਧਿਕਾਰੀਆਂ ਦੇ ਧਿਆਨ 'ਚ ਲਿਆ ਕੇ ਜਲਦ ਮੰਗਾਂ ਪੂਰੀਆਂ ਕਰਵਾਈਆਂ ਜਾਣਗੀਆਂ।

ਬੀ ਕੇ ਯੂ ਲੱਖੋਵਾਲ 5 ਮਾਰਚ ਨੂੰ ਚੰਡੀਗੜ੍ਹ ਧਰਨੇ 'ਚ ਸ਼ਾਮਲ ਹੋਵੇਗੀ : ਦੌਲਤਪੁਰਾ

ਮੋਗਾ (ਇਕਬਾਲ ਸਿੰਘ ਖਹਿਰਾ)-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਜ਼ਿਲ੍ਹਾ ਮੋਗਾ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸੂਬਾ ਮੀਤ ਪ੍ਰਧਾਨ ਭੁਪਿੰਦਰ ਸਿੰਘ ਮਹੇਸ਼ਰੀ, ਸੂਬਾ ਮੀਤ ਪ੍ਰਧਾਨ ਗੁਲਜਾਰ ਸਿੰਘ ਘੱਲ ਕਲਾਂ, ਸੂਬਾ ਮੀਤ ਪ੍ਰਧਾਨ ਮੋਹਨ ਸਿੰਘ ਜੀਂਦੜਾ, ਸੂਬਾ ਮੀਤ ਪ੍ਰਧਾਨ ਸੂਰਤ ਸਿੰਘ ਕਾਦਰਵਾਲਾ, ਸੂਬਾ ਮੀਤ ਪ੍ਰਧਾਨ ਗੁਰਬਚਨ ਸਿੰਘ ਚੰਨੂਵਾਲਾ, ਸੂਬਾ ਮੀਤ ਪ੍ਰਧਾਨ ਪ੍ਰੀਤਮ ਸਿੰਘ ਬਾਘਾ ਪੁਰਾਣਾ, ਸੂਬਾ ਆਗੂ ਹਰਨੇਕ ਸਿੰਘ ਫਤਿਹਗੜ੍ਹ, ਸੂਬਾ ਆਗੂ ਮੰਦਰਜੀਤ ਮਨਾਵਾਂ, ਸੂਬਾ ਆਗੂ ਦਵਿੰਦਰ ਸਿੰਘ, ਸੂਬਾ ਆਗੂ ਸਾਬ ਸਿੰਘ ਬੋਗੇਵਾਲਾ, ਸੂਬਾ ਆਗੂ ਅਮਰਜੀਤ ਸਿੰਘ, ਜ਼ਿਲ੍ਹਾ ਮੀਡੀਆ ਇੰਚਾਰਜ ਬਲਕਰਨ ਸਿੰਘ ਢਿੱਲੋਂ, ਸਾਬਕਾ ਜ਼ਿਲ੍ਹਾ ਖੇਤੀਬਾੜੀ ਅਫਸਰ ਜਸਵਿੰਦਰ ਸਿੰਘ ਬਰਾੜ, ਸਾਬਕਾ ਡੀ ਅਡੈਕਸ਼ਨ ਜ਼ਿਲ੍ਹਾ ਮੈਨੇਜਰ ਜਸਵਿੰਦਰ ਸਿੰਘ ਸਰਾਵਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੀਟਿੰਗ ਦੌਰਾਨ ਸਮੂਹ ਆਗੂਆਂ ਨੇ ਇੱਕਜੁੱਟ ਹੋ ਕੇ ਵਿਚਾਰਾਂ ਕੀਤੀਆਂ ਅਤੇ ਕਿਹਾ ਹੈ ਕਿ ਸੰਯੁਕਤ ਕਿਸਾਨ ਮੋਰਚਾ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ ਅਨੁਸਾਰ 5 ਮਾਰਚ ਨੂੰ ਚੰਡੀਗੜ੍ਹ ਵਿਖੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਜ਼ਿਲ੍ਹਾ ਮੋਗਾ ਦੇ ਆਗੂ ਤੇ ਕਾਰਕੁੰਨ ਵੱਡੇ ਕਾਫਲੇ ਦੇ ਰੂਪ ਵਿੱਚ ਸ਼ਮੂਲੀਅਤ ਕਰਨਗੇ ਤਾਂ ਜੋ ਕੇਂਦਰ ਤੇ ਰਾਜ ਸਰਕਾਰ ਨੂੰ ਗੂੜ੍ਹੀ ਨੀਂਦ ਤੋਂ ਜਗਾਇਆ ਜਾ ਸਕੇ। ਇਸ ਸਮੇਂ ਦਫਤਰ ਇੰਚਾਰਜ ਪ੍ਰਕਾਸ਼ ਸਿੰਘ, ਜ਼ਿਲ੍ਹਾ ਮੀਤ ਪ੍ਰਧਾਨ ਜਗਸੀਰ ਸਿੰਘ ਜੱਗੀ ਬਾਘਾ ਪੁਰਾਣਾ, ਜਿਲ੍ਹਾ ਆਗੂ ਲਾਭ ਸਿੰਘ ਮਾਣੂੰਕੇ, ਜ਼ਿਲਾ ਮੀਤ ਪ੍ਰਧਾਨ ਪ੍ਰੇਮ ਲਾਲ ਪੁਰੀ, ਗੁਰਦੇਵ ਸਿੰਘ ਬਲਾਕ ਪ੍ਰਧਾਨ ਬਾਘਾ ਪੁਰਾਣਾ, ਜਸਵੰਤ ਸਿੰਘ ਪੰਡੋਰੀ ਬਲਾਕ ਪ੍ਰਧਾਨ ਧਰਮਕੋਟ, ਕੁਲਵੰਤ ਸਿੰਘ ਮਾਣੂੰਕੇ ਕਾਰਜਕਾਰੀ ਬਲਾਕ ਪ੍ਰਧਾਨ ਨਿਹਾਲ ਸਿੰਘ, ਨਿਰਮਲ ਸਿੰਘ ਕਾਲੀਏ ਵਾਲਾ ਬਲਾਕ ਪ੍ਰਧਾਨ ਮੋਗਾ 2, ਸੂਬਾ ਆਗੂ ਅਮਰਜੀਤ ਸਿੰਘ ਮਾਣੂਕੇ, ਸੀਨੀਅਰ ਆਗੂ ਹਰਜੀਤ ਸਿੰਘ ਮਨਾਵਾ, ਮਨਜਿੰਦਰ ਸਿੰਘ, ਬੂਟਾ ਸਿੰਘ ਪੰਡੋਰੀ, ਸੁਖਦੇਵ ਸਿੰਘ ਚੋਟੀਆਂ ਸਾਬਕਾ ਜ਼ਿਲ੍ਹਾ ਮੀਤ ਪ੍ਰਧਾਨ, ਹਰਦੀਪ ਸਿੰਘ, ਜੋਗਿੰਦਰ ਸਿੰਘ,ਪ੍ਰਧਾਨ ਜਸਵੀਰ ਸਿੰਘ, ਬਾਬੂ ਸਿੰਘ, ਗੁਰਮੀਤ ਸਿੰਘ ਸੰਧੂਅਣਾਂ ਸਰਪੰਚ ਤੇ ਜਗਮੋਹਨ ਸਿੰਘ ਆਦਿ ਹਾਜ਼ਰ ਸਨ।

ਠੇਕਾ ਮੁਲਾਜ਼ਮਾਂ ਨੇ ਸਰਕਾਰ ਨੂੰ ਦਿੱਤਾ ਮੰਗ ਪੱਤਰ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਦੇ ਬੈਨਰ ਹੇਠ ਗੁਰੂ ਹਰਗੋਬਿੰਦ ਥਰਮਲ ਪਲਾਂਟ ਦੇ ਠੇਕਾ ਮੁਲਾਜ਼ਮਾਂ ਨੇ ਹਲਕਾ ਵਿਧਾਇਕ ਭੁੱਚੋ ਮੰਡੀ ਮਾ. ਜਗਸੀਰ ਸਿੰਘ ਰਾਹੀਂ ਪੰਜਾਬ ਸਰਕਾਰ ਦੇ ਨਾਂਅ ਮੰਗ ਪੱਤਰ ਦਿੱਤਾ।

'ਮੋਰਚੇ' ਦੇ ਸੂਬਾਈ ਆਗੂਆਂ ਜਗਰੂਪ ਸਿੰਘ, ਜਗਸੀਰ ਸਿੰਘ ਭੰਗੂ, ਬਲਜਿੰਦਰ ਸਿੰਘ ਮਾਨ ਅਤੇ ਹਰਦੀਪ ਸਿੰਘ ਤੱਗੜ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੀ 'ਆਪ ਸਰਕਾਰ' ਪੰਜਾਬ ਭਰ 'ਚ ਸੰਘਰਸ਼ ਰਹੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਠੇਕਾ ਮੁਲਾਜ਼ਮਾਂ, ਪੈਨਸ਼ਨਰਾਂ, ਵਿਦਿਆਰਥੀਆਂ, ਬੇਰੁਜ਼ਗਾਰਾਂ ਸਮੇਤ ਕਿਸੇ ਵੀ ਵਰਗ ਦੀਆਂ ਮੰਗਾਂ-ਮਸਲਿਆਂ ਦਾ ਹੱਲ ਨਹੀਂ ਕਰ ਰਹੀ ਅਤੇ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ 'ਆਪ ਸਰਕਾਰ' ਵੀ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਠੇਕਾ ਮੁਲਾਜ਼ਮਾਂ ਨੂੰ ਲਾਰੇ-ਲੱਪਿਆਂ ਵਿੱਚ ਰੱਖ ਕੇ ਆਪਣਾ ਸਮਾਂ ਲੰਘਾ ਰਹੀ ਹੈ। ਠੇਕਾ ਮੁਲਾਜ਼ਮਾਂ ਨੂੰ ਠੇਕਾ ਪ੍ਰਣਾਲੀ ਦੀ ਚੱਕੀ ਵਿੱਚ ਪਿਸਣ ਲਈ ਮਜਬੂਰ ਕੀਤਾ ਹੋਇਆ ਹੈ ਅਤੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਪਿਛਲੇ ਲੰਬੇ ਅਰਸੇ ਤੋਂ ਲਗਾਤਾਰ ਨਿਗੂਣੀਆਂ ਤਨਖਾਹਾਂ 'ਤੇ ਤਨਦੇਹੀ ਨਾਲ ਸੇਵਾਵਾਂ ਦਿੰਦੇ ਆ ਰਹੇ ਆਊਟਸੋਰਸ਼ਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਸਰਕਾਰ ਨੇ ਆਪਣੇ ਤਿੰਨ ਸਾਲਾਂ ਦੇ ਕਾਰਜਕਾਲ ਵਿੱਚ ਅਜੇ ਤੱਕ ਕੋਈ ਵੀ ਨੀਤੀ ਨਹੀਂ ਬਣਾਈ। ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੀ ਲੀਡਰਸ਼ਿਪ ਨੂੰ ਮੁੱਖ ਮੰਤਰੀ/ਸਬ-ਕਮੇਟੀ ਪੰਜਾਬ ਸਰਕਾਰ ਵੱਲੋਂ ਵਾਰ-ਵਾਰ ਪੈਨਲ ਮੀਟਿੰਗ ਦੇ ਲਿਖਤੀ ਭਰੋਸੇ ਦੇ ਕੇ ਲਗਾਤਾਰ ਮੀਟਿੰਗਾਂ ਦੀਆਂ ਤਰੀਕਾਂ ਬਦਲੀਆਂ ਜਾ ਰਹੀਆਂ ਹਨ, ਜਿਸ ਦੇ ਵਿਰੋਧ ਵਜੋਂ ਸੰਘਰਸ਼ ਮੋਰਚੇ ਦੇ ਬੈਨਰ ਹੇਠ ਅੱਜ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਵੱਲੋਂ ਸਮੁੱਚੇ ਪੰਜਾਬ ਵਿੱਚ ਰੋਸ ਪ੍ਰਦਰਸ਼ਨ ਕਰਕੇ ਪੰਜਾਬ ਸਰਕਾਰ ਦੇ ਮੰਤਰੀਆਂ/ਵਿਧਾਇਕਾਂ ਨੂੰ ਮੰਗ ਪੱਤਰ ਦਿੱਤੇ ਜਾ ਰਹੇ ਹਨ ਅਤੇ 11 ਮਾਰਚ 2025 ਨੂੰ ਖੰਨਾ ਵਿਖੇ ਪਰਵਾਰਾਂ ਤੇ ਬੱਚਿਆਂ ਸਮੇਤ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ, ਜਿਸ ਦੀ ਤਿਆਰੀ ਵਜੋਂ ਸਮੁੱਚੇ ਪੰਜਾਬ ਵਿੱਚ ਮੀਟਿੰਗਾਂ ਕਰਵਾਈਆਂ ਜਾ ਰਹੀਆਂ ਹਨ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਮੂਹ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ, ਸਮੂਹ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਪਹਿਲ ਅਤੇ ਤਜਰਬੇ ਦੇ ਆਧਾਰ 'ਤੇ ਵਿਭਾਗਾਂ ਵਿੱਚ ਮਰਜ ਕਰਕੇ ਪੱਕਾ ਕੀਤਾ ਜਾਵੇ, ਘੱਟੋ-ਘੱਟ ਉਜਰਤਾਂ ਦੇ ਕਾਨੂੰਨ 1948/ਪੰਦਰ੍ਹਵੀਂ ਲੇਬਰ ਕਾਨਫ਼ਰੰਸ ਦੇ ਫਾਰਮੂਲੇ ਮੁਤਾਬਕ ਠੇਕਾ ਮੁਲਾਜ਼ਮਾਂ ਦੀ ਤਨਖ਼ਾਹ ਨਿਸਚਿਤ ਕੀਤੀ ਜਾਵੇ, ਸੇਵਾ ਕਾਲ ਦੌਰਾਨ ਮੌਤ/ਨਕਾਰਾ ਹੋਣ ਤੇ ਪਰਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ, ਪੈਨਸ਼ਨ ਤੇ ਯੋਗ ਮੁਆਵਜ਼ਾ ਦਿੱਤਾ ਜਾਵੇ ਅਤੇ ਠੇਕਾ ਮੁਲਾਜ਼ਮਾਂ ਦੇ ਸੇਵਾ ਮੁਕਤ ਹੋਣ ਉਪਰੰਤ ਪੈਨਸ਼ਨ ਅਤੇ ਗੁਜ਼ਾਰਾ ਫ਼ੰਡ ਦਿੱਤਾ ਜਾਵੇ !

ਕਾਤਰਾਂ

ਨਾਬਾਲਿਗਾ ਨੂੰ ਵਰਗਲਾ ਕੇ ਲਿਜਾਣ ਦੇ ਦੋਸ਼ 'ਚ 4 ਨਾਮਜ਼ਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਵਿਖੇ ਇਕ ਨਾਬਾਲਿਗ ਲੜਕੀ ਨੂੰ ਵਰਗਲਾ ਕੇ ਲਿਜਾਣ ਦੇ ਦੋਸ਼ ਵਿੱਚ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਇਕ ਬਾਏ ਨੇਮ ਨੌਜਵਾਨ ਤੇ 3 ਅਣਪਛਾਤੇ ਆਦਮੀਆਂ ਖਿਲਾਫ 127 (6), 3 (5) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਨਾਬਾਲਿਗ ਲੜਕੀ ਦੇ ਭਰਾ ਨੇ ਦੱਸਿਆ ਕਿ 13 ਫਰਵਰੀ 2025 ਨੂੰ ਦੋਸ਼ੀ ਲਖਵਿੰਦਰ ਸਿੰਘ ਉਰਫ ਲੱਖਾ ਸਮੇਤ ਆਪਣੇ 3 ਅਣਪਛਾਤੇ ਸਾਥੀਆਂ ਨਾਲ ਸਾਡੇ ਘਰ ਦੇ ਸਾਹਮਣੇ ਉਸ ਦੀ ਨਾਬਾਲਿਗ ਭੈਣ ਨੂੰ ਵਰਗਲਾ ਕੇ ਗੱਡੀ ਵਿੱਚ ਬਿਠਾ ਕੇ ਭਜਾ ਕੇ ਲੈ ਗਏ ਹਨ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਰਜਵੰਤ ਕੌਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਝਗੜੇ ਦੇ ਮਾਮਲੇ 'ਚ 40 ਵਿਅਕਤੀਆਂ ਵਿਰੁੱਧ ਕਰਾਸ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਧਰਮਸ਼ਾਲਾ ਦੀ ਜਗ੍ਹਾ ਨੂੰ ਲੈ ਕੇ ਪਿੰਡ ਜਵੰਧਾ ਵਿਖੇ ਦੋ ਧਿਰਾਂ ਦਰਮਿਆਨ ਹੋਏ ਲੜਾਈ ਝਗੜੇ ਦੇ ਮਾਮਲੇ 'ਚ ਥਾਣਾ ਬਸੀ ਪਠਾਣਾਂ ਦੀ ਪੁਲਸ ਵੱਲੋਂ ਦੋਵਾਂ ਧਿਰਾਂ ਦੇ ਕਰੀਬ 40 ਵਿਅਕਤੀਆਂ ਵਿਰੁੱਧ ਕਰਾਸ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਜਵੰਧਾ ਵਿਖੇ ਧਰਮਸ਼ਾਲਾ ਦੀ ਜਗ੍ਹਾ ਨੂੰ ਲੈ ਕੇ ਪਿੰਡ ਦੇ ਲੋਕਾਂ ਦਾ ਇਕੱਠ ਰੱਖਿਆ ਸੀ ਜਿਸ ਵਿੱਚ ਮਸਲੇ 'ਤੇ ਸਹਿਮਤੀ ਨਾ ਬਣਨ 'ਤੇ ਕੁਝ ਵਿਅਕਤੀਆਂ ਦਰਮਿਆਨ ਤਕਰਾਰ ਸ਼ੁਰੂ ਹੋ ਗਿਆ ਤੇ ਨੌਬਤ ਲੜਾਈ ਝਗੜੇ ਤੱਕ ਪਹੁੰਚ ਗਈ। ਜਿਸ ਵਿੱਚ ਦੋਵੇਂ ਧਿਰਾਂ ਦੇ ਕਈ ਵਿਅਕਤੀਆਂ ਦੇ ਸੱਟਾਂ ਲੱਗੀਆਂ।ਥਾਣਾ ਬਸੀ ਪਠਾਣਾਂ ਦੀ ਪੁਲਸ ਵੱਲੋਂ ਸੁਰਮੁਖ ਸਿੰਘ ਵਾਸੀ ਪਿੰਡ ਜਵੰਧਾ ਦੇ ਬਿਆਨਾਂ 'ਤੇ ਗੁਰਮੁੱਖ ਸਿੰਘ ਅਤੇ ਪਿੰਡ 36 ਹੋਰ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ ਜਦੋਂ ਕਿ ਦੂਸਰੀ ਧਿਰ ਦੇ ਕਰਮਜੀਤ ਸਿੰਘ ਵਾਸੀ ਜਵੰਧਾ ਦੇ ਬਿਆਨਾਂ 'ਤੇ ਅਰਸ਼ਦੀਪ ਸਿੰਘ ਉਰਫ ਬਿੱਲੀ ਵਾਸੀ ਪਿੰਡ ਜਵੰਧਾ ਅਤੇ 3 ਹੋਰ ਵਿਅਕਤੀਆਂ ਵਿਰੁੱਧ ਕਰਾਸ ਕੇਸ ਦਰਜ ਕੀਤਾ ਗਿਆ।

ਭੁਪਿੰਦਰਜੀਤ ਸਿੰਘ ਨੇ ਐਸ ਐਚ ਓ ਦਾ ਅਹੁਦਾ ਸੰਭਾਲਿਆ

ਬੁਢਲਾਡਾ (ਅਸ਼ੋਕ ਲਾਕੜਾ)-ਥਾਣਾ ਸ਼ਹਿਰੀ ਬੁਢਲਾਡਾ ਵਿਖੇ ਨਵ-ਨਿਯੁਕਤ ਐਸ.ਐਚ.ਓ. ਭੁਪਿੰਦਰਜੀਤ ਸਿੰਘ ਨੇ ਬਤੌਰ ਐਸ.ਐਚ.ਓ ਦਾ ਅਹੁਦਾ ਸੰਭਾਲਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਥਾਣਾ ਸਿਟੀ ਬੁਢਲਾਡਾ ਵਿਖੇ ਬਤੌਰ ਐਸ.ਐਚ.ਓ. ਨਿਯੁਕਤੀ ਕਰਨ 'ਤੇ ਐਸ.ਐਸ.ਪੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਐਸ.ਐਚ.ਓ. ਵਜੋਂ ਨਿਯੁਕਤੀ ਹੋਣਾ ਮਾਣ ਵਾਲੀ ਗੱਲ ਹੈ। ਉਹ ਪਹਿਲਾਂ ਵੀ ਬੁਢਲਾਡਾ ਸ਼ਹਿਰ ਵਿਖੇ ਡਿਊਟੀ ਨਿਭਾਈ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਵਿਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ ਅਤੇ ਸ਼ਰਾਰਤੀ ਅਨਸਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ।

ਸੀਨੀਅਰ ਪੱਤਰਕਾਰ ਹਰਮਿੰਦਰ ਸੇਠ ਨੂੰ ਸਦਮਾ, ਤਾਏ ਦੇ ਲੜਕੇ ਦਾ ਦੇਹਾਂਤ

ਦੋਰਾਹਾ (ਹਰਮਿੰਦਰ ਸੇਠ)-ਗੋਬਿੰਦ ਇਲੈਕਟਰੋਨਿਕ ਦੇ ਮਾਲਕ ਬਹਾਦਰ ਸਿੰਘ ਦਾ ਤੜਕੇ ਦੇਹਾਂਤ ਹੋ ਗਿਆ। ਬਹਾਦਰ ਸਿੰਘ (68) ਜੋ ਕਿ ਤਕਰੀਬਨ ਇੱਕ ਸਾਲ ਤੋਂ ਬਿਮਾਰ ਚਲੇ ਆ ਰਹੇ ਸਨ, ਅ

16 -February -Page - 6-Advt-25.qxd 2/15/2025 10:40 PM Page 1

15 ਸਾਲ ਤੇ ਇਸ ਤੋਂ ਵੱਧ ਉਮਰ ਦੀਆਂ ਕੁੜੀਆਂ ਲਈ ਕ੍ਰਿਕਟ ਟ੍ਰਾਇਲ ਭਲਕੇ

ਮੋਹਾਲੀ (ਗੁਰਜੀਤ ਬਿੱਲਾ) 15 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਕੁੜੀਆਂ ਲਈ ਕ੍ਰਿਕਟ ਟ੍ਰਾਇਲ 17 ਫਰਵਰੀ ਨੂੰ ਪੀ ਸੀ ਏ ਸਟੇਡੀਅਮ ਦੇ ਪਿੱਛੇ ਡੀ ਸੀ ਏ ਐਮ ਗਰਾਊਂਡ, ਫੇਜ਼ 9 ਵਿਖੇ ਦੁਪਹਿਰ 1:30 ਵਜੇ ਸ਼ੁਰੂ ਹੋਣ ਵਾਲੇ ਜ਼ਿਲ੍ਹਾ ਟੂਰਨਾਮੈਂਟਾਂ ਲਈ ਕ੍ਰਿਕਟ ਟਰਾਇਲ ਕਰਵਾਏਗੀ।ਇਹ ਜਾਣਕਾਰੀ ਡਿਸਟਰਿਕਟ ਕ੍ਰਿਕਟ ਐਸੋਸੀਏਸ਼ਨ ਦੇ ਜਨਰਲ ਸੈਕਟਰੀ ਮਨਜਿੰਦਰ ਸਿੰਘ ਬਿੱਟੂ ਵੱਲੋਂ ਮੀਡੀਆ ਨੂੰ ਇੱਕ ਪ੍ਰੈਸ ਨੋਟ ਰਾਹੀਂ ਦਿੱਤੀ ਗਈ।ਸਾਰੇ ਖਿਡਾਰੀਆਂ ਨੂੰ ਟਰਾਇਲਾਂ ਦੇ ਸਮੇਂ ਆਪਣੇ ਜਨਮ ਮਿਤੀ ਸਰਟੀਫਿਕੇਟ ਅਤੇ ਆਧਾਰ ਕਾਰਡ ਦੀ ਫੋਟੋਕਾਪੀ ਲਿਆਉਣੀ ਲਾਜ਼ਮੀ ਹੈ।ਜਦੋਂਕਿ ਅੰਡਰ-23 ਸਾਲ ਦੇ ਪੁਰਸ਼ਾਂ ਲਈ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਮੋਹਾਲੀ 18 ਫਰਵਰੀ 2025 ਨੂੰ ਪੀ ਸੀ ਏ ਸਟੇਡੀਅਮ ਦੇ ਪਿੱਛੇ ਡੀ ਸੀ ਏ ਐਮ ਗਰਾਊਂਡ, ਫੇਜ਼ 9 ਵਿਖੇ ਸਵੇਰੇ 11:00 ਵਜੇ ਸ਼ੁਰੂ ਹੋਣ ਵਾਲੇ ਜ਼ਿਲ੍ਹਾ ਟੂਰਨਾਮੈਂਟਾਂ ਲਈ ਕ੍ਰਿਕਟ ਟਰਾਇਲ ਕਰਵਾਏਗੀ।ਸਾਰੇ ਖਿਡਾਰੀਆਂ ਨੂੰ ਟ੍ਰਾਇਲਾਂ ਦੇ ਸਮੇਂ ਆਪਣੇ ਜਨਮ ਮਿਤੀ ਸਰਟੀਫਿਕੇਟ ਅਤੇ ਆਧਾਰ ਕਾਰਡ ਦੀ ਫੋਟੋਕਾਪੀ ਲਿਆਉਣੀ ਲਾਜ਼ਮੀ ਹੈ।

ਰਾਈਟਵੇ ਏਅਰਲਿੰਕਸ ਨੇ ਲਗਾਇਆ ਤਰਸੇਮ ਸਿੰਘ ਦਾ ਆਸਟ੍ਰੇਲੀਆ ਵਿਜ਼ਿਟਰ ਵੀਜ਼ਾ

ਮੋਗਾ (ਇਕਬਾਲ ਸਿੰਘ ਖਹਿਰਾ) ਮਾਲਵਾ ਖੇਤਰ ਦੀ ਪ੍ਰਸਿੱਧ ਰਾਈਟ ਵੇ ਏਅਰਲਿੰਕਸ ਇੰਮੀਗ੍ਰੇਸ਼ਨ ਅਤੇ ਆਈਲੈਟਸ ਸੰਸਥਾ ਨੇ ਤਰਸੇਮ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਗੱਜਣ ਵਾਲਾ, ਮੋਗਾ ਦਾ ਆਸਟ੍ਰੇਲੀਆ ਦਾ ਵਿਜ਼ਿਟਰ ਵੀਜ਼ਾ ਲਗਵਾ ਕੇ ਦਿੱਤਾ।ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵਪ੍ਰਿਅ ਤਿਆਗੀ ਨੇ ਕਿਹਾ ਕਿ ਅਫਵਾਹਾਂ 'ਤੇ ਧਿਆਨ ਨਾ ਦਿਉ। ਉਨ੍ਹਾਂ ਕਿਹਾ ਕਿ ਜਿਨ੍ਹਾਂ ਬੱਚਿਆਂ ਦੇ ਕੈਨੇਡਾ ਤੇ ਯੂਕੇ ਦੇ ਸਟੱਡੀ ਕੇਸ ਰੀਵਿਊਜ਼ ਹੋ ਚੁੱਕਹਨ, ਉਹ ਆਸਟ੍ਰੇਲੀਆ ਲਈ ਅਪਲਾਈ ਕਰ ਸਕਦੇ ਹਨ ਤੇ ਜੇਕਰ ਕੋਈ ਵੀ ਵਿਜ਼ਿਟਰ ਜਾਂ ਟੂਰਿਸਟ ਵੀਜ਼ੇ 'ਤੇ ਯੂਕੇ,ਕੈਨੇਡਾ ਜਾਂ ਆਸਟ੍ਰੇਲੀਆ ਜਾਣਾ ਚਾਹੁੰਦਾ ਹੋਵੇ ਤਾਂ ਉਹ ਵੀ ਅਪਲਾਈ ਕਰ ਸਕਦਾ ਹੈ।ਉਨ੍ਹਾਂ ਨੇ ਕਿਹਾ ਕਿ ਹੁਣ ਬੱਚੇ ਕਾਲਜ ਦੀ ਅਤੇ ਅੰਬੈਸੀ ਦੀ ਫੀਸ ਵੀਜ਼ਾ ਲੱਗਣ ਤੋਂ ਬਾਅਦ ਦੇ ਸਕਦੇ ਹਨ।

ਨੈਨਾ ਜਿੰਦਲ ਬਣੀ ਸਿਵਲ ਜੱਜ-ਕਮ-ਜੁਡੀਸ਼ੀਅਲ ਮੈਜਿਸਟ੍ਰੇਟ

ਨਾਭਾ (ਵਰਿੰਦਰ ਵਰਮਾ)- ਪੰਜਾਬ ਪਬਲਿਕ ਸਕੂਲ ਨਾਭਾ ਦੇ ਆਈ.ਐਸ.ਸੀ. ਬੈਚ 2014 ਦੀ ਨੈਨਾ ਜਿੰਦਲ ਨੂੰ ਹਰਿਆਣਾ ਰਾਜ ਵਿੱਚ ਸਿਵਲ ਜੱਜ-ਕਮ-ਜੁਡੀਸ਼ੀਅਲ ਮੈਜਿਸਟ੍ਰੇਟ ਨਿਯੁਕਤ ਕੀਤਾ ਗਿਆ ਹੈ।

ਉਸ ਨੇ 2024 ਵਿੱਚ ਹਰਿਆਣਾ ਨਿਆਂਇਕ ਸੇਵਾਵਾਂ ਪਾਸ ਕੀਤੀਆਂ। ਆਪਣੇ ਅਕਾਦਮਿਕ ਸਫ਼ਰ ਬਾਰੇ ਬੋਲਦਿਆਂ, ਉਸਨੇ ਆਪਣੀ ਸਫਲਤਾ ਦਾ ਸਿਹਰਾ ਪੰਜਾਬ ਪਬਲਿਕ ਸਕੂਲ, ਨਾਭਾ ਵਿਖੇ ਰੱਖੀ ਗਈ ਮਜ਼ਬੂਤ ਨੀਂਹ ਨੂੰ ਦਿੱਤਾ। ਉਨ੍ਹਾਂ ਕਿਹਾ ਕਿ ਸਕੂਲ ਵਿੱਚ ਪ੍ਰਾਪਤ ਕਦਰਾਂ-ਕੀਮਤਾਂ, ਨੈਤਿਕਤਾ ਅਤੇ ਐਕਸਪੋਜ਼ਰ ਨੇ ਹੀ ਉਨ੍ਹਾਂ ਦੇ ਉਪਰੋਕਤ ਸੁਪਨੇ ਨੂੰ ਪੂਰਾ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਨ੍ਹਾਂ ਆਪਣੇ ਅਧਿਆਪਕਾਂ ਅਤੇ ਸਲਾਹਕਾਰਾਂ ਪ੍ਰਤੀ ਧੰਨਵਾਦ ਪ੍ਰਗਟ ਕੀਤਾ। ਨੈਨਾ ਜਿੰਦਲ ਦੀ ਸਫਲਤਾ ਦੀ ਪ੍ਰਸ਼ੰਸਾ ਕਰਦੇ ਹੋਏ ਸਕੂਲ ਹੈਡਮਾਸਟਰ ਡਾ. ਡੀ.ਸੀ. ਸ਼ਰਮਾ ਨੇ ਸੰਜੀਵ ਜਿੰਦਲ (ਪਿਤਾ), ਸ਼ਸੀਮਤੀ ਰਿਤੂ ਜਿੰਦਲ (ਮਾਤਾ) ਅਤੇ ਸੁਮੰਤ ਜਿੰਦਲ (ਭਰਾ) ਅਤੇ ਪੂਰੇ ਜਿੰਦਲ ਪਰਵਾਰ ਨੂੰ ਨੈਨਾ ਜਿੰਦਲ ਦੀ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਨੈਨਾ ਜਿੰਦਲ ਨੇ ਮੌਜੂਦਾ ਵਿਦਿਆਰਥੀਆਂ ਲਈ ਜੀਵਨ ਵਿੱਚ ਉੱਚ ਉਦੇਸ਼ ਲਈ ਇੱਕ ਮਾਪਦੰਡ ਸਥਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਪੰਜਾਬ ਪਬਲਿਕ ਸਕੂਲ, ਨਾਭਾ ਭਵਿੱਖ ਵਿੱਚ ਵੀ ਦੇਸ਼ ਲਈ ਯੋਗ ਅਤੇ ਪ੍ਰਤਿਭਾਸ਼ਾਲੀ ਨਾਗਰਿਕ ਪੈਦਾ ਕਰਦਾ ਰਹੇਗਾ।

ਬੱਚਿਆਂ ਨੂੰ ਨਸ਼ੀਲੇ ਪਦਾਰਥ ਵੇਚਣ ਵਾਲਿਆਂ ਵਿਰੁੱਧ ਕੀਤੀ ਜਾਵੇਗੀ ਸਖਤ ਕਾਰਵਾਈ : ਡਾ. ਸੋਨਾ ਥਿੰਦ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬੱਚਿਆਂ ਵਿੱਚ ਦਿਨੋ ਦਿਨ ਵਧ ਰਹੇ ਨਸ਼ਿਆਂ ਦੇ ਰੁਝਾਨ ਨੂੰ ਠੱਲ੍ਹ ਪਾਉਣਾ ਅੱਜ ਦੇ ਸਮੇਂ ਦੀ ਸਭ ਤੋਂ ਮੁੱਖ ਲੋੜ ਹੈ ਕਿਉਂਕਿ ਜੇਕਰ ਨਸ਼ਿਆਂ ਦੇ ਇਸ ਰੁਝਾਨ ਨੂੰ ਰੋਕਿਆ ਨਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਨਸ਼ਿਆਂ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਨਜਾਇਜ਼ ਤਸਕਰੀ ਦੀ ਰੋਕਥਾਮ ਸਬੰਧੀ ਜੁਆਇੰਟ ਐਕਸ਼ਨ ਪਲਾਨ ਅਧੀਨ ਕੀਤੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬੱਚਿਆਂ ਨੂੰ ਸ਼ਰਾਬ ਜਾਂ ਨਸ਼ੀਲੇ ਪਦਾਰਥ ਵੇਚਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ ਅਤੇ ਇਸ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਕਰ ਤੇ ਆਬਕਾਰੀ ਵਿਭਾਗ ਅਤੇ ਜ਼ਿਲ੍ਹਾ ਡਰੱਗ ਕੰਟਰੋਲ ਸੈਲ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਜਿਹੜੀਆਂ ਦੁਕਾਨਾਂ 'ਤੇ ਸ਼ਰਾਬ ਜਾਂ ਡਰੱਗ ਐਕਸ, ਐੱਚ ਤੇ ਐੱਚ-1 ਦੀ ਵਿਕਰੀ ਹੁੰਦੀ ਹੈ ਉਨ੍ਹਾਂ ਦੁਕਾਨਾਂ 'ਤੇ ਤੁਰੰਤ ਸੀਸੀਟੀਵੀ ਕੈਮਰੇ ਲਗਾਏ ਜਾਣ ਤਾਂ ਜੋ ਇਹ ਗੱਲ ਸੁਨਿਸਚਿਤ ਕੀਤੀ ਜਾਵੇ ਕਿ ਉਨ੍ਹਾਂ ਦੁਕਾਨਾਂ 'ਤੇ ਬੱਚਿਆਂ ਨੂੰ ਕਿਸੇ ਕਿਸਮ ਦੇ ਨਸ਼ੇ ਵਿਕਰੀ ਨਹੀਂ ਕੀਤੀ ਜਾ ਰਹੀ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਿਹੜੀਆਂ ਦੁਕਾਨਾਂ 'ਤੇ ਬੱਚਿਆਂ ਨੂੰ ਸਿਗਰੇਟ ਜਾਂ ਤੰਬਾਕੂ ਵੇਚਿਆ ਜਾਂਦਾ ਹੈ ਉਨ੍ਹਾਂ ਦੁਕਾਨਦਾਰਾਂ ਦੇ ਕੋਟਪਾ ਐਕਟ -2003 ਅਧੀਨ ਵੱਧ ਤੋਂ ਵੱਧ ਚਲਾਨ ਕੀਤੇ ਜਾਣ।ਡਾ. ਸੋਨਾ ਥਿੰਦ ਨੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਸਮੂਹ ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਸਕੂਲਾਂ ਦੇ 100 ਮੀਟਰ ਘੇਰੇ ਵਿੱਚ ਸਿਗਰਟ ਜਾਂ ਤੰਬਾਕੂ ਦੀ ਦੁਕਾਨ ਨਾ ਹੋਵੇ। ਉਨ੍ਹਾਂ ਪੁਲਸ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਤੇ ਕਿ ਬੱਚਿਆਂ ਨੂੰ ਨਸ਼ੀਲੇ ਪਦਾਰਥ ਵੇਚਣ ਵਾਲਿਆਂ ਵਿਰੁੱਧ ਜੁਵੇਨਾਈਲ ਜਸਟਿਸ ਐਕਟ 2015 ਦੀ ਧਾਰਾ 77 ਅਤੇ 78 ਅਨੁਸਾਰ ਕਾਰਵਾਈ ਕੀਤੀ ਜਾਵੇ ਤਾਂ ਜੋ ਜਿਲ੍ਹਾ ਫਤਹਿਗੜ੍ਹ ਸਾਹਿਬ ਨੂੰ ਨਸ਼ਾ ਮੁਕਤ ਬਣਾਇਆ ਜਾ ਸਕੇ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਰਸੇਮ ਚੰਦ, ਪੀ ਸੀ ਐੱਸ, ਕੁਲੈਕਟਰ-ਕਮ-ਉਪ ਮੰਡਲ ਮੈਜਿਸਟਰੇਟ, ਸਮਾਣਾ, ਜ਼ਿਲ੍ਹਾ ਪਟਿਆਲਾ
ਕੇਸ ਦਾ ਨਾਂਅ : ਅਪੀਲ ਤਕਸੀਮ
ਸਿੰਦਰ ਕੌਰ ਵਿਧਵਾ ਰਣਜੀਤ ਸਿੰਘ ਬਨਾਮ ਸੁੱਚਾ ਸਿੰਘ ਪੁੱਤਰ ਮਾਨ ਸਿੰਘ ਵਗੈਰਾ।
ਵਾਕਿਆ ਰਕਬਾ ਪਿੰਡ ਰੇਤਗੜ੍ਹ ਉਰਫ ਫਤਿਹਗੜ੍ਹ, ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ

ਨੋਟਿਸ

ਉਕਤ ਮੁਕੱਦਮੇ ਵਿੱਚ ਇਸ ਅਦਾਲਤ ਵਿੱਚ ਅਪੀਲ ਤਕਸੀਮ ਵਾਕਾ ਰਕਬਾ ਪਿੰਡ ਰੇਤਗੜ੍ਹ ਉਰਫ ਫਤਿਹਗੜ੍ਹ ਤਹਿਸੀਲ ਸਮਾਣਾ ਜ਼ਿਲ੍ਹਾ ਪਟਿਆਲਾ ਪ੍ਰਾਪਤ ਹੋਇਆ ਹੈ, ਇਹ ਅਪੀਲ ਤਕਸੀਮ ਸਹਾਇਕ ਕੁਲੈਕਟਰ ਦਰਜਾ ਪਹਿਲਾ ਕਮ-ਤਹਿਸੀਲਦਾਰ ਸਮਾਣਾ ਦੀ ਅਦਾਲਤ ਵੱਲੋਂ ਹੋਏ ਹੁਕਮ ਮਿਤੀ 13/09/2024 ਨੂੰ ਰੱਦ ਕੀਤੇ ਜਾਣ ਅਤੇ ਨਕਸ਼ਾ 'ਅ' ਨੂੰ ਨਵੇ ਸਿਰੇ ਤੋਂ ਤਿਆਰ ਕਰਨ ਦੇ ਸੰਬੰਧ ਵਿੱਚ ਕੀਤੇ ਗਏ ਹੁਕਮ ਦੇ ਖਿਲਾਫ ਦਾਇਰ ਕੀਤੀ ਗਈ ਹੈ। ਇਸ ਕੇਸ ਵਿੱਚ ਨਿਮਨ ਲਿਖਤ ਅਨੁਸਾਰ ਧਿਰਾਂ ਨੂੰ ਪਾਰਟੀ ਬਣਾਇਆ ਗਿਆ ਹੈ, ਜਿਨ੍ਹਾਂ ਦੀ ਤਲਬੀ ਇਸ ਅਦਾਲਤ ਵੱਲੋਂ ਤਹਿਸੀਲਦਾਰ ਸਮਾਣਾ ਅਤੇ ਉਨ੍ਹਾ ਦੇ ਅਪੀਲ ਵਿੱਚ ਦਰਜ ਪਤੇ 'ਤੇ ਰਜਿਸਟਰਡ ਪੋਸਟ ਡਾਕ ਰਾਹੀਂ ਕੀਤੀ ਗਈ ਸੀ, ਪ੍ਰੰਤੂ ਧਿਰਾਂ ਹਾਜ਼ਰ ਅਦਾਲਤ ਨਹੀਂ ਆਈਆਂ, ਜਿਸ ਕਾਰਨ ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਨਿਮਨ ਲਿਖਤ ਅਨੁਸਾਰ ਧਿਰਾਂ ਦੀ ਮਾਮੂਲੀ ਤਰੀਕੇ ਨਾਲ ਤਲਬੀ ਹੋਣੀ ਮੁਸ਼ਕਿਲ ਹੈ, ਇਸ ਲਈ ਮਿਤੀ 05/03/2025 ਨੂੰ ਦੁਪਹਿਰ 2.00 ਵਜੇ ਦੀ ਤਰੀਕ ਪੇਸ਼ੀ ਨਿਯਤ ਕਰਕੇ ਨਿਮਨ ਲਿਖਤ ਧਿਰਾਂ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਜੇਕਰ ਉਪਰੋਕਤ ਅਪੀਲ ਤਕਸੀਮ ਦੇ ਕੇਸ ਵਿੱਚ ਕਿਸੇ ਧਿਰ ਨੂੰ ਇਤਰਾਜ਼ ਹੋਵੇ, ਤਾਂ ਉਹ ਇਸ ਅਦਾਲਤ ਵਿੱਚ ਉਪਰੋਕਤ ਮਿਤੀ ਤੋਂ ਪਹਿਲਾਂ-ਪਹਿਲਾਂ ਜਾਂ ਨਿਯਤ ਤਰੀਕ ਪੇਸ਼ੀ 'ਤੇ ਅਦਾਲਤ ਵਿੱਚ ਪੇਸ਼ ਹੋ ਕਰ ਆਪਣੇ ਪੱਖ ਪੇਸ਼ ਕਰ ਸਕਦੇ ਹਨ ਅਤੇ ਬਾਅਦ ਵਿੱਚ ਪ੍ਰਾਪਤ ਇਤਰਾਜ਼ 'ਤੇ ਕੋਈ ਗੌਰ ਨਹੀ ਕੀਤੀ ਜਾਵੇਗੀ ਤੇ ਉਹਨਾਂ ਦੇ ਖਿਲਾਫ ਕਾਰਵਾਈ ਇਕਤਰਫਾ ਕੀਤੀ ਜਾਵੇਗੀ। ਧਿਰਾਂ ਦਾ ਨਾਂਅ ਨਿਮਨ ਲਿਖਤ ਅਨੁਸਾਰ ਹੈ:-

(1) ਵਜੀਰ ਸਿੰਘ ਪੁੱਤਰ ਹਰਭਜਨ ਸਿੰਘ (2) ਇੰਦਰ ਸਿੰਘ ਪੁੱਤਰ ਹਰਦਿੱਤ ਸਿੰਘ (3) ਹਰਭਜਨ ਸਿੰਘ ਫੌਤਸ਼ੁਦਾ ਪੁੱਤਰ ਹਰਦਿੱਤ ਸਿੰਘ ਪੁੱਤਰ ਬੇਰ ਸਿੰਘ ਰਾਹੀ ਵਾਰਸਾਨ (1) ਵਰਿਆਮ ਸਿੰਘ ਪੁੱਤਰ ਲੇਟ ਹਰਭਜਨ ਸਿੰਘ (2) ਵਜੀਰ ਸਿੰਘ ਪੁੱਤਰ ਲੇਟ ਹਰਭਜਨ ਸਿੰਘ (3) ਕੰਵਲਜੀਤ ਕੌਰ ਵਿਧਵਾ ਸਤਨਾਮ ਸਿੰਘ ਪੁੱਤਰ ਜੰਗੀਰ ਸਿੰਘ (4) ਸੁਰਜੋਤ ਸਿੰਘ ਨਾਬਾਲਗ ਪੁੱਤਰ ਸਤਨਾਮ ਸਿੰਘ ਰਾਹੀਂ ਕੁਦਰਤੀ ਗਾਰਡੀਅਨ ਮਾਤਾ ਕੰਵਲਜੀਤ ਕੌਰ ਵਿਧਵਾ ਸਤਨਾਮ ਸਿੰਘ (4) ਮਹਿੰਦਰ ਕੌਰ ਫੌਤਸ਼ੁਦਾ ਪਤਨੀ ਲੇਟ ਹਰਭਜਨ ਸਿੰਘ ਪੁੱਤਰ ਹਰਦਿੱਤਾ ਸਿੰਘ ਰਾਹੀ ਵਾਰਸਾਨ (1) ਵਰਿਆਮ ਸਿੰਘ ਪੁੱਤਰ ਲੇਟ ਹਰਭਜਨ ਸਿੰਘ (2) ਵਜ਼ੀਰ ਸਿੰਘ ਪੁੱਤਰ ਲੇਟ ਹਰਭਜਨ ਸਿੰਘ (3) ਸਿੰਦਰ ਕੌਰ ਵਿਧਵਾ ਰਣਜੀਤ ਸਿੰਘ ਪੁੱਤਰ ਲੇਟ ਹਰਭਜਨ ਸਿੰਘ (4) ਸੁਰਜੋਤ ਸਿੰਘ ਨਾਬਾਲਗ ਪੁੱਤਰ ਸਤਨਾਮ ਸਿੰਘ ਪੁੱਤਰ ਜੰਗੀਰ ਸਿੰਘ ਰਾਹੀ ਕੁਦਰਤੀ ਗਾਰਡੀਅਨ ਮਾਤਾ ਕੰਵਲਜੀਤ ਕੌਰ ਵਿਧਵਾ ਸਤਨਾਮ ਸਿੰਘ।(5) ਜੰਗੀਰ ਸਿੰਘ ਫੌਤਸ਼ੁਦਾ ਪੁੱਤਰ ਹਰਭਜਨ ਸਿੰਘ ਰਾਹੀਂ ਵਾਰਸਾਨ (1) ਕੰਵਲਜੀਤ ਕੌਰ ਵਿਧਵਾ ਸਤਨਾਮ ਸਿੰਘ ਪੁੱਤਰ ਜੰਗੀਰ ਸਿੰਘ (2) ਸੁਰਜੋਤ ਸਿੰਘ ਨਾਬਾਲਗ ਪੁੱਤਰ ਸਤਨਾਮ ਸਿੰਘ ਪੁੱਤਰ ਜੰਗੀਰ ਸਿੰਘ ਰਾਹੀਂ ਕੁਦਰਤੀ ਗਾਰਡੀਅਨ ਮਾਤਾ ਕੰਵਲਜੀਤ ਕੌਰ ਵਿਧਵਾ ਸਤਨਾਮ ਸਿੰਘ (6) ਵਰਿਆਮ ਸਿੰਘ ਪੁੱਤਰ ਹਰਭਜਨ ਸਿੰਘ (7) ਤਰਲੋਕ ਸਿੰਘ ਪੁੱਤਰ ਸਰਦੂਲ ਸਿੰਘ ਉਰਫ ਦੂਲਾ ਸਿੰਘ ਪੁੱਤਰ ਹਰਦਿੱਤ ਸਿੰਘ (8) ਗੱਜਣ ਸਿੰਘ ਪੁੱਤਰ ਸਰਦੂਲ ਸਿੰਘ ਉਰਫ ਦੂਲਾ ਸਿੰਘ ਪੁੱਤਰ ਹਰਦਿੱਤ ਸਿੰਘ (9) ਜਸਵਿੰਦਰ ਕੌਰ ਪੁੱਤਰੀ ਸਰਦੂਲ ਸਿੰਘ ਉਰਫ ਦੂਲਾ ਸਿੰਘ ਪੁੱਤਰ ਹਰਦਿੱਤ ਸਿੰਘ (10) ਗੁਰਵਿੰਦਰ ਸਿੰਘ ਪੁੱਤਰ ਤਰਲੋਕ ਸਿੰਘ ਪੁੱਤਰ ਸਰਦੂਲ ਸਿੰਘ (11) ਕੰਵਲਜੀਤ ਕੌਰ ਵਿਧਵਾ ਸਤਨਾਮ ਸਿੰਘ ਪੁੱਤਰ ਜੰਗੀਰ ਸਿੰਘ (12) ਸਰਜੋਤ ਸਿੰਘ ਨਾਬਾਲਗ ਪੁੱਤਰ ਸਤਨਾਮ ਸਿੰਘ ਪੁੱਤਰ ਜੰਗੀਰ ਸਿੰਘ ਪੁੱਤਰ ਲੇਟ ਹਰਭਜਨ ਸਿੰਘ , ਰਾਹੀਂ ਕੁਦਰਤੀ ਗਾਰਡੀਅਨ ਮਾਤਾ ਕੰਵਲਜੀਤ ਕੌਰ ਵਿਧਵਾ ਸਤਨਾਮ ਸਿੰਘ ਪੁੱਤਰ ਜੰਗੀਰ ਸਿੰਘ (13) ਹਰਪ੍ਰੀਤ ਕੌਰ ਪਤਨੀ ਕੰਵਲਜੀਤ ਸਿੰਘ ਪੁੱਤਰ ਜਸਵਿੰਦਰ ਸਿੰਘ ਸਾਰੇ ਵਾਸੀਆਨ ਡੇਰਾ ਬੈਕਸਾਇਡ ਰਿਲਾਇਸ ਪੈਟਰੋਲ ਪੰਪ, ਪਿੰਡ ਚੱਕ ਅੰਮ੍ਰਿਤਸਰੀਆ, ਖੇਵਟਦਾਰ ਪਿੰਡ ਰੇਤਗੜ੍ਹ ਉਰਫ ਫਤਿਹਗੜ੍ਹ ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ (14) ਯਸ਼ਪਾਲ ਪੁੱਤਰ ਸ਼ਿਵ ਕੁਮਾਰ ਪੁੱਤਰ ਦੇਵੀ ਦਿਆਲ ਕੇਅਰ ਆਫ ਮੈਸਰਜ਼ ਘਨੌਲੀਆ ਲਾਲ ਕ੍ਰਿਸ਼ਨ ਬਲਦੇਵ ਸਤੀ ਬਜ਼ਾਰ, ਨੇੜੇ ਟਰੱਕ ਯੂਨੀਅਨ ਸਮਾਣਾ, ਤਹਿਸੀਲ ਸਮਾਣਾ (15) ਐੱਚ. ਡੀ.ਐੱਫ.ਸੀ. ਬੈਂਕ ਬਰਾਂਚ ਸਰਹਿੰਦ ਰੋਡ ਪਟਿਆਲਾ, ਜ਼ਿਲ੍ਹਾ ਪਟਿਆਲਾ ਰਾਹੀ ਬਰਾਂਚ ਮੈਨੇਜਰ (16) ਸਟੇਟ ਬੈਂਕ ਆਫ ਇੰਡੀਆ, ਏ. ਡੀ.ਬੀ. ਬਰਾਂਚ ਸਮਾਣਾ ਜ਼ਿਲ੍ਹਾ ਪਟਿਆਲਾ ਰਾਹੀਂ ਆਫ ਇੰਡੀਆ (ਪਹਿਲਾ ਸਟੇਟ ਬੈਂਕ ਆਫ ਪਟਿਆਲਾ), ਏ.ਡੀ.ਬੀ. ਬਰਾਂਚ ਸਮਾਣਾ, ਜ਼ਿਲ੍ਹਾ ਪਟਿਆਲਾ ਰਾਹੀਂ ਆਫ ਇੰਡੀਆ (17) ਪੀ.ਏ.ਡੀ.ਬੀ. ਬਰਾਂਚ ਸਮਾਣਾ, ਤਹਿਸੀਲ ਸਮਾਣਾ ਜ਼ਿਲ੍ਹਾ ਪਟਿਆਲਾ ਰਾਹੀਂ ਬੈਂਕ ਮੈਨੇਜਰ।

ਅੱਜ ਮਿਤੀ 05/02/2025 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।
(ਪੱਤਰ ਨੰ. 137, ਪੇਸ਼ੀ ਮਿਤੀ 05/02/2025) ਕੁਲੈਕਟਰ ਸਬ-ਡਵੀਜ਼ਨ ਸਮਾਣਾ (ਪਟਿਆਲਾ)

Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧ

16 Feb PAGE-7.qxd 2/15/2025 10:40 PM Page 1

ਕਿਵੇਂ 12 ਲੱਖ ਰੁਪਏ ਤੋਂ ਵੱਧ ਦੀ ਆਮਦਨ 'ਤੇ ਲਗੇਗਾ ਇਨਕਮ ਟੈਕਸ : ਰਾਘਵ ਚੱਢਾ

ਨਵੀਂ ਦਿੱਲੀ (ਗੁਰਜੀਤ ਬਿੱਲਾ)

ਆਮ ਆਦਮੀ ਪਾਰਟੀ (ਆਪ) ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਸੰਸਦ ਵਿੱਚ ਉਨ੍ਹਾਂ ਖ਼ਿਲਾਫ਼ ਕੀਤੀਆਂ ਟਿੱਪਣੀਆਂ 'ਤੇ ਪਲਟਵਾਰ ਕੀਤਾ ਹੈ।ਸੰਸਦ ਮੈਂਬਰ ਰਾਘਵ ਚੱਢਾ ਨੇ ਇੱਕ ਵੀਡੀਓ ਜਾਰੀ ਕਰਕੇ ਦੱਸਿਆ ਕਿ ਕਿਵੇਂ ਵਿੱਤ ਮੰਤਰੀ ਨੇ ਤਕਨੀਕੀ ਸ਼ਬਦਾਂ ਦੀ ਵਰਤੋਂ ਕਰਕੇ ਮੱਧ ਵਰਗ ਨੂੰ ਗੁੰਮਰਾਹ ਕਰਨ ਅਤੇ ਅਸਲ ਟੈਕਸ ਮੁੱਦਿਆਂ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਕੀਤੀ ਹੈ।ਇਸ ਤੋਂ ਇਲਾਵਾ ਰਾਘਵ ਚੱਢਾ ਨੇ ਵਿੱਤ ਮੰਤਰੀ ਨੂੰ ਨਿੱਜੀ ਹਮਲਿਆਂ ਤੋਂ ਬਚਣ ਦੀ ਅਪੀਲ ਵੀ ਕੀਤੀ ਹੈ।ਰਾਘਵ ਚੱਢਾ ਨੇ ਰਾਜ ਸਭਾ ਵਿੱਚ ਕੇਂਦਰੀ ਬਜਟ 2025-26 'ਤੇ ਚਰਚਾ ਦੌਰਾਨ ਵਿੱਤ ਮੰਤਰੀ ਵੱਲੋਂ ਕੀਤੀਆਂ ਟਿੱਪਣੀਆਂ ਦਾ ਕਰੜਾ ਜਵਾਬ ਦਿੱਤਾ।ਇਕ ਵੀਡੀਓ ਸੰਦੇਸ਼ ਜਾਰੀ ਕਰਦਿਆਂ ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਨੇ ਉਨ੍ਹਾਂ ਦੇ ਸ਼ਬਦਾਂ ਦਾ ਮਜ਼ਾਕ ਉਡਾਇਆ ਅਤੇ ਉਨ੍ਹਾਂ 'ਤੇ ਜਨਤਾ ਨੂੰ ਗੁੰਮਰਾਹ ਕਰਨ ਦਾ ਦੋਸ਼ ਲਗਾਇਆ, ਜਦਕਿ ਉਨ੍ਹਾਂ ਨੂੰ ਰਾਜ ਸਭਾ ਵਿਚ ਆਪਣੀ ਸਥਿਤੀ ਸਪੱਸ਼ਟ ਕਰਨ ਦਾ ਮੌਕਾ ਨਹੀਂ ਦਿੱਤਾ ਗਿਆ। ਇਸ ਲਈ ਉਨ੍ਹਾਂ ਨੇ ਸਿੱਧੇ ਤੌਰ 'ਤੇ ਵੀਡੀਓ ਰਾਹੀਂ ਇਸ ਮੁੱਦੇ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ।ਸੰਸਦ ਮੈਂਬਰ ਰਾਘਵ ਚੱਢਾ ਨੇ ਕਿਹਾ, 'ਮੈਂ ਪੂਰੀ ਤਰ੍ਹਾਂ ਨਾਲ ਆਪਣੀ ਗੱਲ 'ਤੇ ਕਾਇਮ ਹਾਂ। 12 ਲੱਖ ਰੁਪਏ ਦੀ ਛੋਟ ਟੈਕਸ ਛੋਟ ਜਾਂ ਕਟੌਤੀ ਨਹੀਂ ਹੈ, ਸਗੋਂ ਇਹ ਟੈਕਸ ਛੋਟ ਹੈ। ਇਸ ਦਾ ਮਤਲਬ ਹੈ ਕਿ ਜੇਕਰ ਕੋਈ ਵਿਅਕਤੀ ਵਿੱਤੀ ਸਾਲ 'ਚ 12 ਲੱਖ ਰੁਪਏ ਤੋਂ ਵੱਧ ਦੀ ਕਮਾਈ ਕਰਦਾ ਹੈ, ਤਾਂ ਉਸ ਨੂੰ ਸਾਰੀ ਆਮਦਨ 'ਤੇ ਟੈਕਸ ਦੇਣਾ ਪਵੇਗਾ। ਉਨ੍ਹਾਂ ਕਿਹਾ, 'ਜੇਕਰ ਕਿਸੇ ਵਿਅਕਤੀ ਦੀ ਸਾਲਾਨਾ ਆਮਦਨ 12.76 ਲੱਖ ਰੁਪਏ ਹੈ, ਤਾਂ ਉਸ ਨੂੰ ਸਿਰਫ਼ 76,000 ਰੁਪਏ ਨਹੀਂ ਸਗੋਂ ਪੂਰੇ 12.76 ਲੱਖ ਰੁਪਏ 'ਤੇ ਟੈਕਸ ਦੇਣਾ ਪਵੇਗਾ।

ਡਾ. ਰਾਜ ਨੇ ਮਹਾਂਕੁੰਭ ਦੌਰਾਨ ਅਰੇਲ ਘਾਟ ਸੰਗਮ ਵਿਖੇ ਕੀਤਾ ਇਸ਼ਨਾਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਪ੍ਰਯਾਗਰਾਜ ਵਿਖੇ ਮਹਾਂਕੁੰਭ ਦੌਰਾਨ, ਵੱਡੀ ਗਿਣਤੀ ਵਿੱਚ ਲੋਕ ਰੋਜ਼ਾਨਾ ਤ੍ਰਿਵੇਣੀ ਸੰਗਮ ਵਿੱਚ ਪਵਿੱਤਰ ਇਸ਼ਨਾਨ ਕਰਨ ਲਈ ਪਹੁੰਚ ਰਹੇ ਹਨ। ਕਈ ਮਸ਼ਹੂਰ ਹਸਤੀਆਂ ਵੀ ਤ੍ਰਿਵੇਣੀ ਸੰਗਮ ਵਿੱਚ ਡੁਬਕੀ ਲਗਾਉਣ ਲਈ ਮਹਾਂਕੁੰਭ ਪਹੁੰਚ ਰਹੀਆਂ ਹਨ। ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਜੋ ਕਿ ਪੰਜਾਬ ਦੇ ਇੱਕ ਪ੍ਰਮੁੱਖ ਸਿਆਸਤਦਾਨ ਹਨ ਬਹੁਤ ਅਧਿਆਤਮਿਕ ਵੀ ਹਨ, ਵੀ ਮਾਘ ਪੂਰਨਿਮਾ 'ਤੇ ਪਵਿੱਤਰ ਇਸ਼ਨਾਨ ਕਰਨ ਲਈ ਮਹਾਂਕੁੰਭ ਪ੍ਰਯਾਗਰਾਜ ਪਹੁੰਚੇ ।ਸੰਗਮ ਦੇ ਅਰੇਲ ਘਾਟ 'ਤੇ ਪਵਿੱਤਰ ਡੁਬਕੀ ਲਗਾਉਣ ਤੋਂ ਬਾਅਦ, ਉਹਨਾਂ ਨੇ ਇਸਨੂੰ ਜੀਵਨ ਵਿੱਚ ਇੱਕ ਵਾਰ ਹੋਣ ਵਾਲਾ ਬ੍ਰਹਮ ਅਨੁਭਵ ਕਿਹਾ। ਉਨ੍ਹਾਂ ਕਿਹਾ ਕਿ ਇਸ ਸ਼ਾਨਦਾਰ ਅਧਿਆਤਮਿਕ ਅਨੁਭਵ ਨੇ ਮੈਨੂੰ ਇਹ ਅਹਿਸਾਸ ਕਰਵਾਇਆ ਕਿ ਮਹਾਂਕੁੰਭ ਉਸ ਤੋਂ ਕਿਤੇ ਵੱਧ ਹੈ ਜੋ ਮੈਂ ਇਸ ਬਾਰੇ ਸੁਣਿਆ ਸੀ।ਉਨ੍ਹਾਂ ਕਿਹਾ ਕਿ ਮਹਾਂਕੁੰਭ ਭਾਰਤੀ ਸੱਭਿਆਚਾਰ ਦੀ ਸ਼ਾਨਦਾਰ ਵਿਰਾਸਤ ਦਾ ਪ੍ਰਤੀਕ ਹੈ ਅਤੇ ਅਧਿਆਤਮਿਕ ਸ਼ੁੱਧਤਾ ਅਤੇ ਸਕਾਰਾਤਮਕ ਊਰਜਾ ਦਾ ਸਰੋਤ ਹੈ।ਮਹਾਂਕੁੰਭ ਸਿਰਫ਼ ਇੱਕ ਧਾਰਮਿਕ ਇਕੱਠ ਹੀ ਨਹੀਂ ਹੈ, ਸਗੋਂ ਇਹ ਭਾਰਤੀ ਅਧਿਆਤਮਿਕਤਾ, ਵਿਸ਼ਵਾਸ, ਪਰੰਪਰਾ ਅਤੇ ਸੱਭਿਆਚਾਰ ਦਾ ਇੱਕ ਜਿਉਂਦਾ ਜਾਗਦਾ ਉਦਾਹਰਣ ਹੈ। ਅਧਿਆਤਮਿਕ ਅਤੇ ਸਕਾਰਾਤਮਕ ਊਰਜਾਵਾਂ ਦੇ ਸਰੋਤ, ਮਹਾਂਕੁੰਭ ਵਿਖੇ, ਉਨ੍ਹਾਂ ਨੇ ਦੇਸ਼ ਅਤੇ ਆਪਣੇ ਸੂਬੇ ਪੰਜਾਬ ਦੀ ਤਰੱਕੀ ਅਤੇ ਖੁਸ਼ੀ ਲਈ ਪ੍ਰਾਰਥਨਾ ਕੀਤੀ।

ਬੀ ਐੱਮ ਬੀ ਦੇ ਭਖਦੇ ਮਸਲਿਆਂ ਨੂੰ ਲੈ ਕੇ ਸੀਟੂ ਨੇ ਕੀਤੀ ਕਨਵੈਨਸ਼ਨ

ਨੰਗਲ (ਸੁਰਜੀਤ ਸਿੰਘ)

ਇੱਥੇ ਬੀ ਬੀ ਐਮ ਬੀ ਫੀਲਡ ਇਮਪਲਾਈਜ ਯੂਨੀਅਨ ਸੀਟੂ ਵੱਲੋਂ ਇਕ ਕਨਵੈਨਸ਼ਨ ਸੀ ਆਈ ਟੀ ਯੂ ਦੇ ਦਫਤਰ ਨੰਗਲ ਵਿਖੇ ਕੀਤੀ ਗਈ, ਜਿਸ ਦੀ ਪ੍ਰਧਾਨਗੀ ਸਾਥੀ ਰਜੇਸ਼ ਕੁਮਾਰ ਅਤੇ ਰਾਜਾ ਸਿੰਘ ਨੇ ਕੀਤੀ। ਪੰਜਾਬ ਸੀਟੂ ਦੇ ਪ੍ਰਧਾਨ ਸਾਥੀ ਮਹਾਂ ਸਿੰਘ ਰੋੜੀ,ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਰੋਪੜ ਦੇ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ ਅਤੇ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਜਿੰਦਰ ਪੰਡਤ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਨ ਵਾਸਤੇ ਪਹੁੰਚੇ। ਯੂਨੀਅਨ ਦੇ ਪ੍ਰੈਸ ਸਕੱਤਰ ਪ੍ਰਾਣ ਨਾਥ ਨੇ ਦੱਸਿਆ ਕਿ ਜੋ ਬਦਲੀਆਂ ਯੂਨੀਅਨ ਦੇ ਪ੍ਰਧਾਨ ਵਿਨੋਦ ਭੱਟੀ ਅਤੇ ਜਨਰਲ ਸਕੱਤਰ ਰਾਜਾ ਸਿੰਘ ਦੀਆਂ ਬੀ ਬੀ ਐਮ ਬੀ ਵੱਲੋਂ ਕੀਤੀਆਂ ਗਈਆਂ, ਉਹਨਾਂ ਨੂੰ ਫੌਰੀ ਤੌਰ 'ਤੇ ਰੱਦ ਕੀਤਾ ਜਾਵੇ। ਨੰਗਲ ਸ਼ਹਿਰ ਅੰਦਰ ਨਸ਼ੇ ਵੇਚਣ ਵਾਲਿਆਂ ਉੱਤੇ ਢੁਕਵੀਂ ਕਾਰਵਾਈ ਕੀਤੀ ਜਾਵੇ, ਕਰਮਚਾਰੀਆਂ ਦਾ ਰੋਕਿਆ ਹੋਇਆ ਇਨਸੈਂਟਿਵ ਛੇਤੀ ਜਾਰੀ ਕੀਤਾ ਜਾਵੇ,ਸਾਲ 2011 ਤੋਂ ਆਏ ਮੁਲਾਜ਼ਮਾਂ ਦੇ ਬਿਜਲੀ ਯੂਨਿਟ ਬਹਾਲ ਕੀਤੇ ਜਾਣ ,ਕੰਨਟਰੈਕਟ ਡੇਲੀਵੇਜਿਜ ਅਤੇ ਪਾਰਟ ਟਾਈਮ 'ਤੇ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ। ਪੌਂਗ ਡੈਮ ਦੀ ਗੋਲਡਨ ਜੁਬਲੀ ਦੇ ਸਾਰੇ ਮੁਲਾਜ਼ਮਾਂ ਨੂੰ ਦੋ ਮਹੀਨੇ ਦੀ ਤਨਖਾਹ ਦਿੱਤੀ ਜਾਵੇ। ਚੇਤਾਵਨੀ ਦਿੱਤੀ ਗਈ ਕਿ ਜੇਕਰ ਸਮਾਂ ਰਹਿੰਦੇ ਇਹਨਾਂ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ ਨੰਗਲ ਵਿੱਚ ਤਿੱਖਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।ਮਹਾਂ ਸਿੰਘ ਰੋੜੀ ਨੇ ਕਿਹਾ ਕਿ ਜਦੋਂ ਤੋਂ ਬੀਬੀਐਮਬੀ ਵਿੱਚ ਪੰਜਾਬ ਕੈਡਰ ਦਾ ਚੀਫ ਇੰਜੀਨੀਅਰ ਸੀ ਪੀ ਸਿੰਘ ਨੂੰ ਲਗਾਇਆ ਗਿਆ ਹੈ ਉਦੋਂ ਤੋਂ ਹੀ ਇਥੇ ਭ੍ਰਿਸ਼ਟਾਚਾਰ ਕਰਨ ਦੇ ਮਾਮਲਿਆਂ ਵਿੱਚ ਵਾਧਾ ਹੋਇਆ ਹੈ।ਇਸ ਚੀਫ਼ ਨੂੰ ਵੀ ਇੱਥੋਂ ਤੁਰੰਤ ਬਦਲਿਆ ਜਾਵੇ। ਕਨਵੈਨਸ਼ਨ ਵਿੱਚ ਯੂਨੀਅਨ ਦੇ ਜਨਰਲ ਸਕੱਤਰ ਸਾਥੀ ਬਲਵੀਰ ਸਿੰਘ, ਵਿਜੇ ਸਿੰਘ, ਰਾਣਾ ਰਹਿਮਤ ਅਲੀ, ਵਿਨੋਦ ਭੱਟੀ, ਸਿਮਰਨ ਖਾਨ ,ਅਨੀਤਾ ਦੇਵੀ, ਸੋਨੀਆ ,ਕਿਰਨ ਬਾਲਾ, ਰੂਪਪਤੀ, ਬਲਵੀਰ ਕੌਰ, ਸੁਨੀਤਾ ਭੱਟੀ, ਅਮਰਜੀਤ ਕੌਰ,ਸੁਰਜੀਤ ਸਿੰਘ, ਕਰਨ ਸਿੰਘ, ਡੀਪੀ ਸ਼ਰਮਾ, ਪ੍ਰੇਮ ਚੰਦ ਜੱਟਪੁਰ, ਪ੍ਰਿੰਸੀਪਲ ਰਜੀਵ ਮੇਜਰ, ਕੁਲਵੰਤ ਰਾਏ ਪਾਠਕ, ਸੁਖਦੇਵ ਸਿੰਘ,ਰਾਮਪਾਲ ਸੋਮਨਾਥ ਬਾਲੀ, ਦਿਲਾਵਰ ਸਿੰਘ, ਸੰਜੇ ਕੁਮਾਰ, ਵਿਜੇ ਸ਼ਰਮਾ ,ਸਤਨਾਮ ਸਿੰਘ, ਕੇਵਲ ਕ੍ਰਿਸ਼ਨ ,ਸੁਭਾਸ਼ ਚੰਦ, ਵਿਜੇ ਕੁਮਾਰ ਅਤੇ ਜਰਨੈਲ ਸਿੰਘ ਵੀ ਹਾਜ਼ਰ ਸਨ।

ਪੰਜਾਬ ਦਾ ਪਹਿਲਾ ਘੋੜ ਸਵਾਰ ਉਤਸਵ ਪਹਿਲੀ ਨੂੰ

ਮੋਹਾਲੀ, (ਗੁਰਜੀਤ ਬਿੱਲਾ)

ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਵੱਲੋਂ 1 ਅਤੇ 2 ਮਾਰਚ ਨੂੰ ਜ਼ਿਲ੍ਹੇ ਦੇ ਪਿੰਡ ਕਰੋਰਾਂ ਵਿਖੇ ਫੋਰੈਸਟ ਹਿੱਲਜ਼ ਵਿਖੇ ਪੰਜਾਬ ਦਾ ਪਹਿਲਾ ਘੋੜ ਸਵਾਰ ਉਤਸਵ ਆਯੋਜਿਤ ਕੀਤਾ ਜਾਵੇਗਾ।ਇਸ ਉਤਸਵ ਦੇ ਸਬੰਧ ਵਿੱਚ ਵਧੀਕ ਡਿਪਟੀ ਕਮਿਸ਼ਨਰ ਸ਼੍ਰੀਮਤੀ ਸੋਨਮ ਚੌਧਰੀ ਨੇ ਆਉਣ ਵਾਲੇ ਦਿਨਾਂ ਵਿੱਚ ਸ਼ੁਰੂ ਹੋਣ ਵਾਲੇ ਸਮਾਗਮ ਨੂੰ ਸੁਚੱਜੇ ਢੰਗ ਨਾਲ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਤਿਆਰੀਆਂ ਸਬੰਧੀ ਮੀਟਿੰਗ ਕਰਦੇ ਹੋਏ ਪ੍ਰਬੰਧਾਂ ਲਈ ਵੱਖ-ਵੱਖ ਵਿਭਾਗਾਂ ਨੂੰ ਸੌਂਪੀਆਂ ਜ਼ਿੰਮੇਵਾਰੀਆਂ ਦੀ ਸਮੀਖਿਆ ਕੀਤੀ। ਉਨ੍ਹਾਂ ਦੱਸਿਆ ਕਿ ਘੋੜ ਸਵਾਰੀ ਮੁਕਾਬਲੇ ਦੌਰਾਨ ਘੋੜਾ ਜੰਪਿੰਗ, ਮਾਰਵਾੜੀ ਅਤੇ ਨੁੱਕਰਾ ਘੋੜਾ ਰਿੰਗ ਮੁਕਾਬਲੇ, ਟੈਂਟ ਪੈਗਿੰਗ, ਸਾਰਿਆਂ ਘੋੜਿਆਂ ਦੀ ਨਸਲ ਦਾ ਪ੍ਰਦਰਸ਼ਨ, ਸੱਭਿਆਚਾਰਕ ਸਮਾਗਮ, ਭੋਜਨ ਅਤੇ ਖਰੀਦਦਾਰੀ ਪ੍ਰਦਰਸ਼ਨੀਆਂ ਅਤੇ ਮਾਹਿਰ ਟਾਕ ਸ਼ੋਅਜ਼ ਵੀ ਇਸ ਸਮਾਗਮ ਦਾ ਹਿੱਸਾ ਹੋਣਗੇ। ਉਤਸਵ ਦੌਰਾਨ ਰਾਜ ਅਤੇ ਦੇਸ਼ ਭਰ ਦੇ ਨਾਮੀ ਸਟੱਡ ਫਾਰਮਾਂ ਅਤੇ ਕਲੱਬਾਂ ਦੇ ਘੋੜੇ ਵੀ ਭਾਗ ਲੈਣਗੇ।ਮੀਟਿੰਗ ਦੌਰਾਨ ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਵਿਭਾਗ ਡਾ. ਐਸ.ਕੇ ਗੁਪਤਾ, ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਮਹੇਸ਼ਵਰ, ਐਸ.ਡੀ.ਓ, ਮੋਹਾਲੀ, ਗੋਪਾਲ ਕ੍ਰਿਸ਼ਨ, ਗੁੱਡ ਗਵਰਨੈਂਸ ਫੈਲੋ ਨੇਹਾ ਅਤੇ ਦਿ ਰੈਂਚ ਮੋਹਾਲੀ ਦੇ ਮਾਲਕ ਦੀਪਇੰਦਰ ਸਿੰਘ ਬਰਾੜ ਅਤੇ ਹਰਜਿੰਦਰ ਸਿੰਘ ਖੋਸਾ ਹਾਜ਼ਰ ਸਨ।

ਨਹਿਰ ਅੱਪਰ ਬਾਰੀ ਦੁਆਬ ਪੁਲ ਤਿੱਬੜੀ 'ਤੇ ਲੰਮੇ ਸਮੇਂ ਲਾਈਟਾਂ ਬੰਦ

❑ ਲੋਕ ਨਿਰਮਾਣ ਵਿਭਾਗ ਦਾ ਇਲੈਕਟਰੀਕਲ ਵਿੰਗ ਨਹੀਂ ਦੇ ਰਿਹਾ ਧਿਆਨ

ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ-ਮੁਕੇਰੀਆਂ ਮੁੱਖ ਸੜਕ 'ਤੇ ਪੈਂਦੀ ਨਹਿਰ ਅੱਪਰ ਬਾਰੀ ਦੁਆਬ 'ਤੇ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਤਿੰਨ ਕਰੋੜ ਦੀ ਲਾਗਤ ਨਾਲ ਪੁੱਲ ਦੀ ਉਸਾਰੀ 28 ਅਪ੍ਰੈਲ 2007 ਵਿੱਚ ਕਰਵਾਈ ਸੀ ਜਿਸ ਦਾ ਉਦਘਾਟਨ ਸਰਦਾਰ ਸੁਖਬੀਰ ਸਿੰਘ ਬਾਦਲ ਸਾਬਕਾ ਉਪ ਮੁੱਖ ਮੰਤਰੀ ਪੰਜਾਬ ਅਤੇ ਪਰਮਿੰਦਰ ਸਿੰਘ ਢੀਂਡਸਾ ਸਾਬਕਾ ਕੈਬਨਿਟ ਮੰਤਰੀ ਲੋਕ ਨਿਰਮਾਣ ਵਿਭਾਗ ਪੰਜਾਬ ਤੋਂ ਇਲਾਵਾ ਐੱਮ. ਪੀ. ਵਿਨੋਦ ਖੰਨਾ ਅਤੇ ਸੰਸਦੀ ਸਕੱਤਰ ਗੁਰਬਚਨ ਸਿੰਘ ਬੱਬੇਹਾਲੀ ਨੇ ਸਾਂਝੇ ਤੌਰ 'ਤੇ ਕੀਤਾ ਸੀ। ਇਸ ਸਮੇਂ ਪੁਲ 'ਤੇ 14 ਲਾਈਟਾਂ ਲੋਕ ਨਿਰਮਾਣ ਵਿਭਾਗ ਨੇ ਲਗਵਾਈਆਂ ਸਨ ਜਿਹੜੀਆਂ ਸਿਰਫ ਦੋ ਸਾਲ ਹੀ ਚੱਲੀਆਂ ਅਤੇ ਫਿਰ ਇਨ੍ਹਾਂ ਸੋਲਰ ਲਾਈਟਾਂ ਦੀਆਂ ਬੈਟਰੀਆਂ ਚੋਰ ਚੋਰੀ ਕਰਕੇ ਲੈ ਗਏ ਅਤੇ ਲਾਈਟਾਂ ਨਕਾਰਾ ਹੋ ਗਈਆਂ। ਲੋਕਾਂ ਨੇ ਦੱਸਿਆ ਕਿ ਪੁਲ ਦੀ ਉਚਾਈ ਹੋਣ ਕਰਕੇ ਰਾਤ ਵੇਲੇ ਤੇਜ਼ ਰਫਤਾਰ ਵਾਹਨ ਜਦੋਂ ਆਉਂਦੇ ਹਨ ਤਾਂ ਲਾਈਟਾਂ ਨਾ ਹੋਣ ਕਰਕੇ ਆਪਸ ਵਿੱਚ ਟਕਰਾ ਜਾਂਦੇ ਹਨ ਜਿਸ ਨਾਲ ਜਾਨੀ ਮਾਲੀ ਨੁਕਸਾਨ ਹੋਣ ਦਾ ਡਰ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਇਸ ਪੁਲ 'ਤੇ ਲਾਈਟਾਂ ਲਗਵਾਉਣ ਲਈ ਕਈ ਵਾਰ ਇਲਾਕੇ ਦੇ ਮੋਹਤਬਰ ਵਿਅਕਤੀਆਂ ਨੇ ਮਹਿਕਮੇ ਦੇ ਅਧਿਕਾਰੀਆਂ ਪਾਸੋਂ ਮੰਗ ਕੀਤੀ ਗਈ ਹੈ ਪਰ ਅਜੇ ਤੀਕ ਪੁਲ 'ਤੇ ਲਾਈਟਾਂ ਨਹੀਂ ਲੱਗ ਸਕੀਆਂ। ਜਦੋਂ ਇਸ ਮਾਮਲੇ ਸਬੰਧੀ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀ ਨਾਲ ਗੱਲਬਾਤ ਕੀਤੀ ਜਾਂਦੀ ਹੈ ਤਾਂ ਉਹ ਇਹ ਕਹਿ ਕੇ ਟਾਲ ਦਿੰਦੇ ਹਨ ਕਿ ਸਾਡੇ ਕੋਲ ਪੁਲ 'ਤੇ ਲਾਈਟਾਂ ਲਗਵਾਉਣ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਦੱਸਿਆ ਕਿ ਮਹਿਕਮੇ ਦਾ ਇਲੈਕਟਰੀਕਲ ਵਿੰਗ ਹੈ ਜੋ ਪੁੱਲ 'ਤੇ ਲਾਈਟਾਂ ਲਗਵਾਉਣ ਦਾ ਕੰਮ ਕਰਦਾ ਹੈ ਪਰ ਉਹ ਵੀ ਫੰਡਾਂ ਦੇ ਘਾਟ ਕਰਕੇ ਆਪਣਾ ਪੱਲਾ ਝਾੜ ਜਾਂਦੇ ਹਨ। ਜ਼ਿਕਰਯੋਗ ਹੈ ਕਿ ਦਰਿਆ ਬਿਆਸ ਦੇ ਪੁਲ 'ਤੇ ਇਲਾਕੇ ਦੇ ਲੋਕਾਂ ਦੀ ਮੰਗ 'ਤੇ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਪ੍ਰਸ਼ਾਸਨ ਦੇ ਸਾਂਝੇ ਯਤਨਾਂ ਸਦਕਾ ਲਾਈਟਾਂ ਲੱਗੀਆਂ ਹਨ ਅਤੇ ਇਹ ਇਸ ਵਾਰ ਹਾਦਸਿਆਂ 'ਚ ਕਾਫੀ ਫਰਕ ਪਿਆ ਹੈ। ਇਲਾਕੇ ਦੇ ਕਿਸਾਨਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਗਈ ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਪੈਂਦੀ ਨਹਿਰ ਅਪਰ ਬਾਰੀ ਦੁਆਬ ਦੇ ਪੁਲਾਂ ਉਤੇ ਇਲੈਕਟਰੀਕਲ ਵਿੰਗ ਨੂੰ ਤੁਰੰਤ ਹਦਾਇਤਾਂ ਕਰਕੇ ਲਾਈਟਾਂ ਲਗਾਈਆਂ ਜਾਣ ਤਾਂ ਜੋ ਅਗਾਂਹ ਤੋਂ ਕੋਈ ਅਣਸੁਖਾਵੀਂ ਘਟਨਾ ਇਸ ਪੁਲ 'ਤੇ ਨਾ ਵਾਪਰ ਸਕੇ।

ਆਰ ਬੀ ਯੂ ਵਿਖੇ ਵਿਸ਼ਵ ਦਾਲਾਂ ਦਿਵਸ 'ਤੇ ਮਾਹਰਾਂ ਦੀ ਗੱਲਬਾਤ

ਮੋਹਾਲੀ, (ਗੁਰਜੀਤ ਬਿੱਲਾ)

ਵਿਸ਼ਵ ਦਾਲਾਂ ਦਿਵਸ ਮਨਾਉਣ ਲਈ, ਰਿਆਤ ਬਾਹਰਾ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ਼ ਐਗਰੀਕਲਚਰ ਸਾਇੰਸਿਜ਼ ਨੇ 'ਦਾਲਾਂ ਦੇ ਜੈਨੇਟਿਕ ਸਰੋਤਾਂ ਦੇ ਪ੍ਰਬੰਧਨ' ਵਿਸ਼ੇ 'ਤੇ ਇੱਕ ਮਾਹਰ ਭਾਸ਼ਣ ਦਾ ਆਯੋਜਨ ਕੀਤਾ।ਯੂਨੀਵਰਸਿਟੀ ਸਕੂਲ ਆਫ਼ ਐਗਰੀਕਲਚਰ ਸਾਇੰਸਜ਼ ਦੀ ਮੁਖੀ ਡਾ: ਅਮਿਤਾ ਮਹਾਜਨ ਨੇ ਮੁਖ ਬੁਲਾਰੇ ਡਾ: ਕੁਲਦੀਪ ਤ੍ਰਿਪਾਠੀ, ਦਾ ਸਵਾਗਤ ਕੀਤਾ। ਡਾ: ਤ੍ਰਿਪਾਠੀ, ਸੀਨੀਅਰ ਵਿਗਿਆਨੀ, ਆਈ.ਸੀ.ਏ.ਆਰ. ਨੈਸ਼ਨਲ ਬਿਊਰੋ ਆਫ਼ ਪਲਾਂਟ ਜੈਨੇਟਿਕ ਰਿਸੋਰਸਜ਼ (ਐਨਬੀਪੀਜੀਆਰ), ਨਵੀਂ ਦਿੱਲੀ, ਵਲੋਂ ਭਾਸ਼ਣ ਦਿੱਤਾ ਗਿਆ ਜਿਸ ਵਿੱਚ ਫੈਕਲਟੀ ਅਤੇ ਸਟੂਡੈਂਟਸ ਨੇ ਭਾਗ ਲਿਆ । ਉਨ੍ਹਾਂ ਨੇ 'ਦਾਲਾਂ ਦੇ ਜੈਨੇਟਿਕ ਸਰੋਤਾਂ ਦਾ ਪ੍ਰਬੰਧਨ' ਵਿਸ਼ੇ 'ਤੇ ਇੱਕ ਬਹੁਤ ਹੀ ਵਿਸਤ੍ਰਿਤ ਅਤੇ ਜਾਣਕਾਰੀ ਭਰਪੂਰ ਭਾਸ਼ਣ ਪੇਸ਼ ਕੀਤਾ।ਗਲੋਬਲ ਸਿਹਤ, ਭੋਜਨ ਸੁਰੱਖਿਆ, ਅਤੇ ਵਾਤਾਵਰਣ ਸਥਿਰਤਾ ਲਈ ਮੁੱਖ ਹੱਲ ਪ੍ਰਦਾਨ ਕਰਨ ਲਈ ਦਾਲਾਂ ਦੇ ਲਾਭਾਂ ਨੂੰ ਉਜਾਗਰ ਕੀਤਾ।ਉਹਨਾਂ ਦੱਸਿਆ ਕਿ ਦਾਲਾਂ ਦੀ ਕਾਸ਼ਤ ਕਰਕੇ ਅਤੇ ਉਹਨਾਂ ਨੂੰ ਆਪਣੀ ਰੋਜ਼ਾਨਾ ਖੁਰਾਕ ਵਿੱਚ ਸ਼ਾਮਲ ਕਰਕੇ, ਅਸੀਂ ਕੁਪੋਸ਼ਣ ਨੂੰ ਦੂਰ ਕਰ ਸਕਦੇ ਹਾਂ, ਕਿਸਾਨਾਂ ਦੀ ਰੋਜ਼ੀ-ਰੋਟੀ ਨੂੰ ਵਧਾ ਸਕਦੇ ਹਾਂ, ਫਸਲੀ ਵਿਭਿੰਨਤਾ, ਮਿੱਟੀ ਦੀ ਸਿਹਤ ਵਿੱਚ ਸੁਧਾਰ

16 Feb Page-8.qxd 2/15/2025 10:42 PM Page 1

ਅਧਿਆਪਕ ਹੀ ਬੱਚਿਆਂ ਨੂੰ ਸੱਚਾ ਤੇ ਸਹੀ ਮਾਰਗ ਦਿਖਾ ਸਕਦੈ : ਪ੍ਰਿੰਸੀਪਲ ਚਾਹਲ

ਕਾਲਾ ਸੰਘਿਆਂ (ਮਨਜੀਤ ਮਾਨ) ਇਥੇ ਗਦਰੀ ਬਾਬਾ ਹਰਨਾਮ ਸਿੰਘ ਪੀ ਐਮ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਗੁਰਚਰਨ ਸਿੰਘ ਚਾਹਲ ਦੀ ਰਹਿਨੁਮਾਈ ਹੇਠ ਸਾਲਾਨਾ ਇਨਾਮ ਵੰਡ ਤੇ ਸੱਭਿਆਚਾਰ ਸਮਾਰੋਹ ਕਰਵਾਇਆ ਗਿਆ। ਸਕੂਲ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿੱਚ ਲੋਕ ਗੀਤ, ਭੰਗੜਾ, ਗਿੱਧਾ, ਘੋੜੀਆਂ ਤੇ ਸਕਿੱਟਾਂ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ। ਅਕਾਦਮਿਕ ਪ੍ਰਾਪਤੀਆਂ ਵਾਲੇ ਪਹਿਲੇ, ਦੂਸਰੇ ਤੇ ਤੀਸਰੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀਆਂ ਦਾ ਮੈਡਲਾਂ ਤੇ ਮੋਮੈਂਟੋ ਦੇ ਕੇ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਮੈਡਮ ਕੁਲਦੀਪ ਕੌਰ ਨੇ ਬਾਖੂਬੀ ਨਿਭਾਈ। ਪ੍ਰਿੰਸੀਪਲ ਨੇ ਕਿਹਾ ਕਿ ਸਕੂਲ ਇੱਕ ਮੰਦਿਰ ਹੈ ਜਿੱਥੇ ਬੱਚੇ ਪੜ੍ਹ ਲਿਖ ਕੇ ਚੰਗੇ ਮੁਕਾਮ 'ਤੇ ਪਹੁੰਚਦੇ ਹਨ। ਉਨ੍ਹਾਂ ਕਿਹਾ ਕਿ ਅਧਿਆਪਕ ਹੀ ਵਿਦਿਆਰਥੀਆਂ ਨੂੰ ਹਨ੍ਹੇਰੇ ਤੋਂ ਚਾਨਣ ਵੱਲ ਲਿਜਾ ਕੇ ਇੱਕ ਸਹੀ ਤੇ ਚੰਗਾ ਮਾਰਗ ਦਿਖਾ ਸਕਦਾ ਹੈ। ਇਸ ਮੌਕੇ ਮੈਡਮ ਕਵਿਤਾ, ਮੈਡਮ ਰੋਜ਼ੀ, ਗੁਰਿੰਦਰਜੀਤ ਸਿੰਘ ਢਿੱਲੋਂ,ਅਨੂ ਸੋਨੀ, ਊਸ਼ਾ ਰਾਣੀ, ਰਵਿੰਦਰ ਕੌਰ, ਅਨੂ ਰਾਧਾ ਪਾਲ, ਪੂਜਾ ਰਾਣੀ, ਪ੍ਰੇਮ ਲਤਾ, ਸੁਮਨ, ਕੁਲਦੀਪ ਕੌਰ, ਕਮਲਜੀਤ ਕੌਰ, ਸਰਬਜੀਤ ਕੌਰ, ਸੋਨੀਆ, ਜੀਤ ਲਾਲ, ਸਤਪਾਲ ਬਾਗੜੀ, ਸੰਜੀਵ ਕੁਮਾਰ,ਰਾਜ ਕੁਮਾਰ, ਪਰਮਿੰਦਰ ਭਨੋਟ, ਮਲਕੀਤ ਸਿੰਘ, ਚਰਨਜੀਤ ਸਿੰਘ, ਰਾਜਿੰਦਰ ਪਾਲ, ਰਾਜੀਵ ਕੁਮਾਰ, ਰਾਕੇਸ਼ ਕੁਮਾਰ, ਦਿਨੇਸ਼ ਦੀਪਕ, ਜਤਿੰਦਰ ਸਿੰਘ, ਰਾਜਨ ਜੋਤ ਸਿੰਘ, ਅਮਰੀਕ ਸਿੰਘ, ਕੀਰਤੀ ਸ਼ਰਮਾ, ਰੂਹੀ, ਪਰਮਜੀਤ ਕੌਰ ਤੋਂ ਸਰਪੰਚ ਮਨਿੰਦਰਪਾਲ ਸਿੰਘ ਮੰਨਾ, ਪਰਮਜੀਤ ਸਿੰਘ ਬੱਸਣ ਪ੍ਰਧਾਨ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਪ੍ਰਬੰਧਕ ਕਮੇਟੀ ਕਾਲਾ ਸੰਘਿਆਂ, ਨਿਰਮਲ ਸਿੰਘ ਸੰਘਾ ਪ੍ਰਧਾਨ ਗੁਰਦੁਆਰਾ ਟਾਵੀਂ ਸਾਹਿਬ ਪਾਤਸ਼ਾਹੀ ਛੇਵੀਂ, ਨਰਿੰਦਰ ਸਿੰਘ ਸੰਘਾ ਗੱਤਕਾ, ਰੇਸ਼ਮ ਸਿੰਘ ਮਾਨ ਪ੍ਰਧਾਨ ਪੈਨਸ਼ਨਰਜ਼ ਐਸੋਸੀਏਸ਼ਨ ਕਪੂਰਥਲਾ,ਸਰਬਨ ਸਿੰਘ ਸੰਘਾ, ਹਰਵਿੰਦਰ ਸਿੰਘ ਸੰਘਾ, ਜਸਵਿੰਦਰ ਸਿੰਘ ਸੰਘਾ ਕਨੇਡਾ, ਡਾਕਟਰ ਬਲਕਾਰ ਸਿੰਘ ਲਾਲਕਾ, ਮਲਕੀਤ ਸਿੰਘ ਬਾਗੜੀ, ਗੁਰਦਿਆਲ ਸਿੰਘ ਮਾਨ, ਰਸ਼ਪਾਲ ਸਿੰਘ ਬਾਗੜੀ ਮਾਸਟਰ ਸਰਬਜੀਤ ਸਿੰਘ ਤੋਂ ਇਲਾਵਾ ਹੋਰ ਆਗੂ ਵੀ ਹਾਜਰ ਸਨ।

ਦਿੱਲੀ ਦੰਗਿਆਂ ਦੇ ਪੀੜਤਾਂ ਨੂੰ ਇਨਸਾਫ ਦੀ ਆਸ ਬੱਝੀ : ਵਡਾਲਾ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਦਿੱਲੀ ਵਿੱਚ ਸਿੱਖਾਂ ਦੇ ਵਿਰੁੱਧ ਹੋਏ 1984 ਦੇ ਦੰਗਿਆਂ ਵਿੱਚ ਸ਼ਾਮਲ ਕਾਂਗਰਸ ਪਾਰਟੀ ਦੇ ਸੱਜਣ ਕੁਮਾਰ ਨੂੰ ਦਿੱਲੀ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤਾ ਹੈ। ਇਸ ਦਰਦਨਾਕ ਕਤਲੇਆਮ ਦੀ ਸਿੱਖ ਕੌਮ ਨੂੰ ਬਹੁਤ ਲੰਬੇ ਸਮੇਂ ਤੋਂ ਇਨਸਾਫ ਦੀ ਉਡੀਕ ਸੀ।ਕਾਂਗਰਸ ਪਾਰਟੀ ਦੇ ਬਹੁਤੇ ਲੀਡਰ ਇਹਨਾਂ ਦੰਗਿਆਂ ਵਿੱਚ ਸ਼ਾਮਿਲ ਸਨ।ਆਪਣੇ ਹੀ ਦੇਸ਼ ਵਿੱਚ ਇਸ ਕਤਲੇਆਮ ਦੇ ਇਨਸਾਫ ਲਈ ਅਤੇ ਦੋਸ਼ੀਆਂ ਨੂੰ ਕਰੜੀਆਂ ਸਜਾਵਾਂ ਦਿਵਾਉਣ ਵਾਸਤੇ ਸਿੱਖ ਕੌਮ ਨੂੰ ਬੜੀ ਜਦੋ ਜਹਿਦ ਕਰਨੀ ਪਈ।ਬਹੁਤ ਸਾਰੇ ਕਾਂਗਰਸ ਦੇ ਲੀਡਰ ਹਨ ਜਿਹੜੇ ਇਹਨਾਂ ਦੰਗਿਆਂ ਵਿੱਚ ਸ਼ਾਮਿਲ ਸੀ। ਸੱਜਣ ਕੁਮਾਰ ਨੂੰ ਦਿੱਲੀ ਦੀ ਅਦਾਲਤ ਵੱਲੋਂ ਦੋਸ਼ੀ ਕਰਾਰ ਦੇਣ ਨਾਲ ਸਿੱਖਾਂ ਦੇ ਉੱਪਰ ਹੋਏ ਜਖਮਾਂ ਨੂੰ ਮੱਲ੍ਹਮ ਲੱਗੇਗੀ।ਇਨਸਾਫ ਮਿਲਣ ਵਿੱਚ ਦੇਰ ਤਾਂ ਬਹੁਤ ਹੋ ਗਈ ਲੇਕਿਨ ਦੇਰ ਹੈ ਅੰਧੇਰ ਨਹੀਂ ਦੀ ਆਸ ਨਾਲ ਉਹ ਸਾਰੇ ਪਰਵਾਰ ਸਮੁੱਚੇ ਦੋਸ਼ੀਆਂ ਦੇ ਵਿਰੁੱਧ ਇਨਸਾਫ ਹੁੰਦਾ ਦੇਖਣਾ ਚਾਹੁੰਦੇ ਹਨ।

ਡੇਅਰੀ ਵਿਕਾਸ ਵਿਭਾਗ 'ਚ 48 ਨੌਜਵਾਨਾਂ ਨੂੰ ਮਿਲੀਆਂ ਨੌਕਰੀਆਂ : ਖੁੱਡੀਆਂ

ਚੰਡੀਗੜ੍ਹ (ਗੁਰਜੀਤ ਬਿੱਲਾ)— ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿਛਲੇ 35 ਮਹੀਨਿਆਂ ਦੌਰਾਨ ਡੇਅਰੀ ਵਿਕਾਸ ਵਿਭਾਗ ਵਿੱਚ ਵੱਖ-ਵੱਖ ਅਹੁਦਿਆਂ 'ਤੇ 48 ਨੌਜਵਾਨਾਂ ਦੀ ਭਰਤੀ ਕੀਤੀ ਗਈ ਹੈ। ਇਹ ਜਾਣਕਾਰੀ ਇੱਥੇ ਸੂਬੇ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਤਰਸ ਦੇ ਆਧਾਰ 'ਤੇ ਇੱਕ ਕਲਰਕ ਨੂੰ ਨਿਯੁਕਤੀ ਪੱਤਰ ਸੌਂਪਦਿਆਂ ਸਾਂਝੀ ਕੀਤੀ। ਖੁੱਡੀਆਂ ਨੇ ਕਿਹਾ ਕਿ ਡੇਅਰੀ ਵਿਕਾਸ ਵਿਭਾਗ ਵਿੱਚ 34 ਨੌਜਵਾਨਾਂ ਨੂੰ ਡੇਅਰੀ ਵਿਕਾਸ ਇੰਸਪੈਕਟਰ ਗ੍ਰੇਡ-2, 10 ਨੌਜਵਾਨਾਂ ਨੂੰ ਕਲਰਕ, ਤਿੰਨ ਨੂੰ ਸਟੈਨੋ-ਟਾਈਪਿਸਟ ਅਤੇ ਇੱਕ ਨੂੰ ਡਰਾਈਵਰ ਵਜੋਂ ਭਰਤੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਵੱਖ-ਵੱਖ ਵਿਭਾਗਾਂ ਵਿੱਚ ਨੌਜਵਾਨਾਂ ਨੂੰ 50,000 ਤੋਂ ਵੱਧ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਇਸ ਮੌਕੇ ਡੇਅਰੀ ਵਿਕਾਸ ਵਿਭਾਗ ਦੇ ਡਾਇਰੈਕਟਰ ਕੁਲਦੀਪ ਸਿੰਘ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਚੀਮਾ ਕਲਾਂ ਤੇ ਹੋਰ ਪਿੰਡਾਂ 'ਚ ਪ੍ਰਕਾਸ਼ ਪੁਰਬ ਅੱਜ ਮਨਾਇਆ ਜਾਵੇਗਾ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਇਥੋਂ ਦੇ ਪਿੰਡ ਚੀਮਾ ਕਲਾਂ ਵਿਖੇ ਸ਼੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਵਲੋਂ ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ 16 ਨੂੰ ਫਰਵਰੀ ਨੂੰ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।ਪ੍ਰਧਾਨ ਮੱਖਣ ਨੇ ਦੱਸਿਆ ਕਿ 14 ਫਰਵਰੀ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਅਤੇ 16 ਫਰਵਰੀ ਨੂੰ ਭੋਗ ਪਾਏ ਜਾਣਗੇ ।ਭਾਈ ਸੁਖਦੇਵ ਸਿੰਘ ਦੇ ਕੀਰਤਨੀ ਜਥੇ ਵਲੋਂ ਨਿਰੋਲ ਗੁਰਬਾਣੀ ਦਾ ਕੀਰਤਨ ਕੀਤਾ ਜਾਵੇਗਾ। ਤਿੰਨੋਂ ਦਿਨ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ।ਇਸੇ ਤਰ੍ਹਾਂ ਇਥੋਂ ਦੇ ਪਿੰਡਾਂ ਉਮਰਪੁਰ ਕਲਾਂ, ਸਿੱਧਮ ਮੁਤਸੱਦੀ ਪੁਰ ਵਿਖੇ ਵੀ ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ 16 ਫਰਵਰੀ ਨੂੰ ਮਨਾਇਆ ਜਾਵੇਗਾ। ਇਸ ਮੌਕੇ ਪ੍ਰਸਿੱਧ ਗਾਇਕ ਮਨਵੀਰ ਰਾਣਾ ਗੁਰੂ ਜੀ ਦੀ ਮਹਿਮਾ ਦਾ ਗੁਣਗਾਨ ਕਰਨਗੇ ।ਇਸ ਦੀ ਜਾਣਕਾਰੀ ਡਾਕਟਰ ਵਿਜੇ ਕੁਮਾਰ ਸਿੱਧਮ ਨੇ ਦਿੱਤੀ।ਇਸੇ ਤਰ੍ਹਾਂ ਪਿੰਡ ਬਹਾਦਰ ਪੁਰ ਵਿਖੇ ਵੀ ਗੁਰੂ ਜੀ ਦਾ ਜਨਮ ਦਿਹਾੜਾ 16 ਫਰਵਰੀ ਨੂੰ ਮਨਾਇਆ ਜਾਵੇਗਾ। ਇਸ ਮੌਕੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

ਗੁਰੂ ਰਵਿਦਾਸ ਦਾ 648ਵਾਂ ਪ੍ਰਕਾਸ਼ ਪੁਰਬ ਧੂਮਧਾਮ ਨਾਲ ਮਨਾਇਆ

ਅਲਾਵਲਪੁਰ (ਮਦਨ ਬੰਗੜ)- ਸਤਿਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮੁਹੱਲਾ ਜੁਲਾਹਾ, ਅਲਾਵਲਪੁਰ ਵਿਖੇ ਵਿਸ਼ਾਲ ਧਾਰਮਿਕ ਸਮਾਗਮ ਕਰਵਾਇਆ ਗਿਆ ।ਸਮਾਗਮ ਸਮੇਂ ਸਵੇਰੇ 11 ਵਜੇ ਤੋਂ 2 ਵਜੇ ਤੱਕ ਭਾਈ ਨਰਿੰਦਰ ਸਿੰਘ ਹੈਰੀ (ਬਿਆਸ ਪਿੰਡ ਵਾਲੇ) ਰਾਗੀ ਢਾਡੀ ਜਥਿਆਂ ਵੱਲੋਂ ਸਤਿਗੁਰੂ ਰਵਿਦਾਸ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ। ਉਪਰੰਤ ਖੁੱਲੇ ਪੰਡਾਲ ਵਿੱਚ ਪ੍ਰਸਿੱਧ ਗਾਇਕ ਕੰਠ ਕਲੇਰ ਵੱਲੋਂ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਆਪਣੇ ਪ੍ਰਸਿੱਧ ਗੀਤਾ ਰਾਹੀਂ ਸਤਿਗੁਰ ਦੀ ਮਹਿਮਾ ਦਾ ਗੁਣਗਾਨ ਕਰਦੇ ਹੋਏ ਸੰਗਤ ਨੂੰ ਝੂਮਣ ਲਾ ਦਿੱਤਾ।ਇਸ ਮੌਕੇ ਬਲਵਿੰਦਰ ਹੀਰਾ, ਅੰਮ੍ਰਿਤ ਪਾਲ (ਮਾਨੀ), ਰਾਮਪਾਲ ਬੈਂਸ, ਦੀਪਕਾ ਮਹੰਤ, ਸੰਦੀਪ ਕੁਮਾਰ, ਵਿਪਨ ਕੁਮਾਰ, ਰਾਜ ਕੁਮਾਰ, ਦਵਿੰਦਰ ਬੱਬੋ, ਸੰਜੀਵ ਬਿਰਦੀ, ਬਲਜਿੰਦਰ ਸੋਨੀ, ਅਨਿਲ ਮਹਿਮੀ, ਅਰਜਨ ਮਹਿਮੀ, ਹਰਦੀਪ ਜੱਸਲ, ਵਿਜੇ ਬੈਂਸ, ਅਮਨਦੀਪ ਜੱਸਲ, ਓਂਕਾਰ ਬਿਰਦੀ, ਸੰਦੀਪ ਸਿੱਧੂ, ਗੁਰਦਿਆਲ ਬਿਰਦੀ, ਗੰਰਵ ਬੈਂਸ, ਹਰਪ੍ਰੀਤ ਝਮਟ, ਚੰਦਨ ਦੀਪ ਬੈਂਸ ,ਅਮਰਜੀਤ ਜੱਸਲ, ਮੰਗਤ ਰਾਮ ,ਰੌਸ਼ਨ ਲਾਲ, ਸੌਰਵ ਲਾਲ, ਅਸ਼ੋਕ ਕੁਮਾਰ, ਹਨੀ ਮਹਿਮੀ , ਸੰਦੀਪ ਸਿੱਧੂ ,ਦੀਪਕ ਸੂਰਜ ਝਮਟ ਤੇ ਹੋਰ ਪਤਵੰਤੇ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਵੱਲੋਂ ਇਮੀਗ੍ਰੇਸ਼ਨ ਫ਼ਰਮਾਂ ਦੀ ਜਾਂਚ ਦੇ ਆਦੇਸ਼

ਜਲੰਧਰ (ਸ਼ੈਲੀ ਐਲਬਰਟ) ਇਮੀਗ੍ਰੇਸ਼ਨ ਕੰਸਲਟੈਂਸੀ ਸੇਵਾਵਾਂ ਨੂੰ ਨਿਯਮਤ ਕਰਨ ਵੱਲ ਇਕ ਮਹੱਤਵਪੂਰਣ ਕਦਮ ਚੁੱਕਦਿਆਂ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਨੇ ਅਧਿਕਾਰੀਆਂ ਨੂੰ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਇਮੀਗ੍ਰੇਸ਼ਨ ਕੰਸਲਟੈਂਟਸ ਖਿਲਾਫ਼ ਵੱਡੇ ਪੱਧਰ 'ਤੇ ਜਾਂਚ ਮੁਹਿੰਮ ਸ਼ੁਰੂ ਕਰਨ ਦੀ ਹਦਾਇਤ ਕੀਤੀ। ਹਦਾਇਤਾਂ ਵਿੱਚ ਜ਼ਿਲ੍ਹੇ ਦੇ ਸਾਰੇ ਐਸ.ਡੀ.ਐਮਜ਼ ਨੂੰ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਰਜਿਸਟਰਡ ਇੰਮੀਗ੍ਰੇਸ਼ਨ ਫ਼ਰਮਾਂ ਦੀ ਸਖ਼ਤ ਜਾਂਚ ਕਰਨ ਲਈ ਕਿਹਾ ਗਿਆ ਹੈ।ਡਾ. ਅਗਰਵਾਲ ਨੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਕਦਮ ਦਾ ਉਦੇਸ਼ ਵਿਦੇਸ਼ ਜਾਣ ਦੇ ਚਾਹਵਾਨਾਂ ਨੂੰ ਧੋਖੇਬਾਜ਼ੀ ਤੋਂ ਬਚਾਉਣਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਇਮੀਗ੍ਰੇਸ਼ਨ ਫ਼ਰਮਾਂ ਕਾਨੂੰਨੀ ਢਾਂਚੇ ਦੇ ਅੰਦਰ ਕੰਮ ਕਰਨ। ਉਨ੍ਹਾਂ ਕਿਹਾ ਕਿ ਇਹ ਜ਼ਰੂਰੀ ਹੈ ਕਿ ਵਿਦੇਸ਼ਾਂ ਵਿੱਚ ਅਵਸਰਾਂ ਦੀ ਤਲਾਸ਼ ਕਰ ਰਹੇ ਵਿਅਕਤੀਆਂ ਨੂੰ ਧੋਖੇਬਾਜ਼ੀ ਤੋਂ ਬਚਾਉਣ ਲਈ ਇਮੀਗ੍ਰੇਸ਼ਨ ਕੰਸਲਟੈਂਟ ਨਿਰਧਾਰਿਤ ਮਾਪਦੰਡਾਂ ਦਾ ਪਾਲਣ ਕਰਨ।ਡਿਪਟੀ ਕਮਿਸ਼ਨਰ ਨੇ ਹਾਲ ਹੀ ਵਿੱਚ ਸਯੁੰਕਤ ਰਾਜ ਅਮਰੀਕਾ ਤੋਂ ਡਿਪੋਰਟ ਹੋਏ ਨੌਜਵਾਨਾਂ ਵੱਲ ਮਦਦ ਦਾ ਹੱਥ ਵੀ ਵਧਾਇਆ । ਉਨ੍ਹਾਂ ਡਿਪੋਰਟ ਹੋਏ ਨੌਜਵਾਨਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਕਾਰੋਬਾਰ ਸ਼ੁਰੂ ਕਰਨ, ਰੋਜ਼ਗਾਰ ਪ੍ਰਾਪਤੀ ਵਿੱਚ ਸਹਾਇਤਾ ਅਤੇ ਹੁਨਰ ਵਿਕਾਸ ਰਾਹੀਂ ਉਨ੍ਹਾਂ ਦੇ ਕਰੀਅਰ ਦੇ ਮੁੜ ਨਿਰਮਾਣ ਵਿੱਚ ਵੱਧ ਤੋਂ ਵੱਧ ਮਦਦ ਕਰਨ ਦਾ ਭਰੋਸਾ ਦਿੱਤਾ। ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਵਿਦੇਸ਼ਾਂ ਵਿੱਚ ਰੋਜ਼ਗਾਰ ਦੇ ਚਾਹਵਾਨਾਂ ਲਈ ਪ੍ਰੀ-ਡਿਪਾਰਚਰ ਓਰੀਐਂਟੇਸ਼ਨ ਟ੍ਰੇਨਿੰਗ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਚਾਹਵਾਨ ਉਮੀਦਵਾਰ ਰਜਿਸਟ੍ਰੇਸ਼ਨ ਲਈ ਬਿਊਰੋ ਦੇ ਹੈਲਪਲਾਈਨ ਨੰਬਰ 90569-20100 'ਤੇ ਸੰਪਰਕ ਕਰ ਸਕਦੇ ਹਨ।ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਮੇਜਰ ਡਾ. ਅਮਿਤ ਮਹਾਜਨ, ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖ਼ਲਾਈ ਬਿਊਰੋ ਨੀਲਮ ਮਹੇ ਅਤੇ ਰੋਜ਼ਗਾਰ ਅਫ਼ਸਰ ਨਰੇਸ਼ ਕੁਮਾਰ ਵੀ ਮੌਜੂਦ ਸਨ।

ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਨੇ ਵਿਧਾਇਕ ਰਾਣਾ ਇੰਦਰਪ੍ਰਤਾਪ ਨੂੰ ਦਿੱਤਾ ਮੰਗ ਪੱਤਰ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)— ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਆਗੂਆਂ ਪ੍ਰਿੰਸੀਪਲ ਕਰਨੈਲ ਸਿੰਘ, ਸੁਖਚੈਨ ਸਿੰਘ ਬੱਧਨ, ਮਾਸਟਰ ਸੁੱਚਾ ਸਿੰਘ ਮਿਰਜਾਪੁਰ, ਮਾਸਟਰ ਨਰੇਸ਼ ਕੋਹਲੀ, ਲੈਕਚਰਾਰ ਗੁਰਚਰਨ ਦਾਸ, ਪ੍ਰਿੰਸੀਪਲ ਸੁਖਜੀਤ ਸਿੰਘ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਹਲਕਾ ਸੁਲਤਾਨਪੁਰ ਲੋਧੀ ਨਾਲ ਸੰਬੰਧਿਤ ਪੈਨਸ਼ਨਰਾਂ ਅਤੇ ਵੱਖ ਵੱਖ ਵਿਭਾਗਾਂ ਦੇ ਮੁਲਾਜ਼ਮਾਂ ਵੱਲੋਂ ਆਪਣੀਆਂ ਲਟਕਦੀਆਂ ਮੰਗਾਂ ਨੂੰ ਲੈ ਕੇ ਆਉਣ ਵਾਲੇ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਆਵਾਜ਼ ਉਠਾਉਣ ਲਈ ਹਲਕਾ ਵਿਧਾਇਕ ਰਾਣਾਇੰਦਰਪ੍ਰਤਾਪ ਸਿੰਘ ਨੂੰ ਮੰਗ ਪੱਤਰ ਦਿੱਤਾ ਗਿਆ।ਜਿਸ ਵਿਚ ਕਿਹਾ ਗਿਆ ਕਿ ਪੰਜਾਬ ਵਿਧਾਨ ਸਭਾ ਦੇ 25 ਅਤੇ 26 ਫ਼ਰਵਰੀ ਨੂੰ ਹੋਣ ਵਾਲੇ ਸੈਸ਼ਨ ਵਿੱਚ ਉਨ੍ਹਾਂ ਦੀਆਂ ਮੰਗਾਂ ਨੂੰ ਪ੍ਰਮੁੱਖਤਾ ਨਾਲ ਉਠਾਇਆ ਜਾਵੇ।ਵਿਧਾਇਕ ਨੇ ਫਰੰਟ ਦੇ ਆਗੂਆਂ ਨੂੰ ਧਿਆਨ ਨਾਲ ਸੁਣਦਿਆਂ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀਆਂ ਮੰਗਾਂ ਜਾਇਜ ਹਨ ਅਤੇ ਪਿਛਲੇ ਲੰਮੇ ਸਮੇਂ ਤੋਂ ਸਰਕਾਰ ਵਲੋਂ ਉਨ੍ਹਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ ਉਹ ਉਨ੍ਹਾਂ ਦੀਆਂ ਮੰਗਾਂ ਨੂੰ ਪ੍ਰਮੁੱਖਤਾ ਨਾਲ ਉਠਾਉਣਗੇ ਅਤੇ ਸਰਕਾਰ ਤੇ ਦਬਾਅ ਵੀ ਬਣਾਉਣਗੇ।ਇਸ ਤੋਂ ਪਹਿਲਾਂ ਫਰੰਟ ਦੀ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਕਰਨੈਲ ਸਿੰਘ, ਸੁਖਚੈਨ ਸਿੰਘ ਬੱਧਨ, ਮਾਸਟਰ ਨਰੇਸ਼ ਕੋਹਲੀ, ਲੈਕਚਰਾਰ ਗੁਰਚਰਨ ਦਾਸ ਨੇ ਕਿਹਾ ਕਿ ਛੇਵੇਂ ਪੇ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਪੈਨਸ਼ਨਾਂ ਦੀ ਦੁਹਰਾਈ 2.59 ਗਣਾਕ ਨਾਲ ਕੀਤੀ ਜਾਵੇ , ਮਿਤੀ 18-11-22 ਨੂੰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸੰਬੰਧੀ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ, ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨ, ਮਹਿੰਗਾਈ ਭੱਤੇ ਦੀਆਂ ਪੈਂਡਿੰਗ ਕਿਸ਼ਤਾਂ ਜਾਰੀ ਕਰਨ, ਬੰਦ ਭੱਤੇ ਸ਼ੁਰੂ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਅਤੇ ਹੋਰ ਮੰਗਾਂ ਨੂੰ ਤਰੁੰਤ ਲਾਗੂ ਕੀਤਾ ਜਾਵੇ।ਇਸ ਮੌਕੇ ਆਗੂਆਂ ਨੇ ਐਲਾਨ ਕੀਤਾ ਕਿ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਰੋਜਾਨਾ ਪੰਜਾਬ ਵਿਧ

16 Feb PAGE-7.qxd 2/15/2025 10:52 PM Page 2

ਸੁਰਿੰਦਰ ਗੀਤ ਦੀਆਂ ਕਵਿਤਾਵਾਂ
(ਆਖਰੀ ਤੋਂ ਪਹਿਲੇ ਸਫ਼ੇ 'ਤੇ)

ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 16 ਫਰਵਰੀ 2025

www.nawanzamana.in

ਕੀਮਤ 5.00 ਰੁਪਏ

ਮੈਨੇ ਇਤਨੀ ਦੂਰ ਸੇ,
ਖ਼ੂਨ ਬਹਨੇ ਕਾ ਸ਼ੋਰ ਸੁਨਾ ਹੈ।
ਪਾਸ ਰਹਨੇ ਵਾਲੋਂ ਤੱਕ
ਕੋਈ ਆਵਾਜ਼ ਨਾ ਆਈ।

-ਹਬੀਬ ਜਾਲਿਬ

ਹਬੀਬ ਅਹਿਮਦ ਤੋਂ ਹਬੀਬ ਜਾਲਿਬ ਕਿਵੇਂ ਬਣਿਆ

ਅਮੀਨ ਮੁਗਲ

ਉਰਦੂ, ਪੰਜਾਬੀ ਅਦਬ ਦੇ ਵਿਦਵਾਨ ਅਮੀਨ ਮੁਗ਼ਲ (ਜਨਮ 1935, ਕੋਟਲੀ ਲੁਹਾਰਾਂ, ਸਿਆਲਕੋਟ) 1985 ਤੋਂ ਲੰਦਨ 'ਚ ਸਿਆਸੀ ਪਨਾਹਗੀਰ ਹਨ। ਲਾਹੌਰ ਗਰੰਦਿਆਂ ਇਹ ਇਸਲਾਮੀਆ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦੇ ਹੁੰਦੇ ਸਨ। ਅੰਗਰੇਜ਼ੀ ਹਫ਼ਤੇਵਾਰ 'ਵਿਊ ਪੁਆਇੰਟ' ਦੇ ਸੰਪਾਦਕ ਸਨ। ਨੈਸ਼ਨਲ ਅਵਾਮੀ ਪਾਰਟੀ ਦੇ ਜਨਰਲ ਸੈਕ੍ਰੇਟਰੀ ਰਹੇ, ਕਈ ਵਾਰ ਕੈਦ ਕੱਟੀ।

'ਹਬੀਬ ਜਾਲਿਬ ਦੀ ਪੰਜਾਬੀ ਸ਼ਾਇਰੀ' ਕਿਤਾਬ ਦੀ ਅਮਰਜੀਤ ਚੰਦਨ ਨੇ 2002 ਵਿੱਚ ਸੰਪਾਦਨਾ ਕੀਤੀ ਸੀ, ਜਿਹੜੀ 2003 ਵਿੱਚ ਕੁਕਨੁਸ ਪ੍ਰਕਾਸ਼ਨ ਨੇ ਛਾਪੀ ਸੀ। ਇਸ ਵਿੱਚੋਂ ਜਾਲਿਬ ਦੇ ਸਾਥੀ ਅਤੇ ਆਗੂ ਅਮੀਨ ਮੁਗਲ ਵੱਲੋਂ ਲਿਖੇ ਉਰਦੂ ਦੇ ਲੇਖ ਦਾ ਅਜਮੇਰ ਕਵੈਟਰੀ ਵੱਲੋਂ ਪੰਜਾਬੀ 'ਚ ਉਲੱਥਾ ਛਾਪਿਆ ਸੀ। ਅਸੀਂ ਇਹ ਲੇਖ ਤੇ ਜਾਲਿਬ ਦੀਆਂ ਕੁਝ ਨਜ਼ਮਾਂ ਅਮਰਜੀਤ ਚੰਦਨ ਦੇ ਧੰਨਵਾਦ ਸਹਿਤ 'ਐਤਵਾਰਤਾ' ਦੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। -ਸੰਪਾਦਕ



ਬੰਦੇ ਦੀ ਸ਼ਖ਼ਸੀਅਤ ਦਾ ਸ਼ਕਲ ਅਖ਼ਤਿਆਰ ਕਰਨਾ ਸਾਰੇ ਇਲਮਾਂ ਦਾ ਜ਼ਰੂਰੀ ਮੌਜ਼ੂ-ਵਿਸ਼ਾ-ਏ। ਜਿਸ ਵਿਚ ਫ਼ਿਤਰਤ, ਮਾਹੌਲ ਅਤੇ ਬੰਦੇ ਦੇ ਆਪਸੀ ਮੇਲ਼ ਤੋਂ ਤਰਤੀਬ ਪਾਉਣ ਵਾਲ਼ੀ ਬੰਦੇ ਦੀ ਨਫ਼ਸੀਆਤ-ਮਨੋਦਸ਼ਾ-ਦਾ ਮੁਤਾਲਿਆ ਕੀਤਾ ਜਾਂਦਾ ਏ। ਸਾਡੇ ਜ਼ਮਾਨੇ ਵਿਚ ਇਸ ਸਿਲਸਿਲੇ ਵਿਚ ਬਹੁਤ ਕੰਮ ਹੋ ਚੁੱਕਾ ਏ, ਪਰ ਹਾਲੀ ਪੂਰਾ ਹੋਇਆ ਨਹੀਂ ਕਿਹਾ ਜਾ ਸਕਦਾ ਤੇ ਸ਼ਾਇਦ ਕਦੇ ਪੂਰਾ ਹੋਵੇ ਵੀ ਨਾ। ਡਾਰਵਿਨ, ਫ਼ਰਾਇਡ ਤੇ ਮਾਰਕਸ ਤੋਂ ਹੁੰਦਾ ਹੋਇਆ ਇਹ ਮੌਜ਼ੂ ਅੱਜ ਇਨਸਾਨਸਾਜ਼ੀ -ਕਲੋਨਿੰਗ ਤੱਕ ਜਾ ਪੁੱਜਾ ਏ ਅਤੇ ਇਹਤੋਂ ਹੁਣ ਇਹ ਬਹਿਸ ਵੀ ਸ਼ੁਰੂ ਹੋ ਗਈ ਏ ਪਈ ਕੀ ਅਸੀਂ ਇਨਸਾਨਸਾਜ਼ੀ ਕਰਦੇ-ਕਰਦੇ ਅਖ਼ਲਾਕੀ ਹੱਦਾਂ ਤੋਂ ਬਾਹਰ ਤਾਂ ਨਹੀਂ ਜਾ ਰਹੇ, ਜਿਹਦਾ ਬੁਨਿਆਦੀ ਨੁਕਤਾ ਇਸ ਗੱਲ ਦਾ ਇਮਕਾਨ-ਸੰਭਾਵਨਾ-ਏ ਕਿ ਬਣਾਉਟੀ ਢੰਗ ਨਾਲ਼ ਬਣਾਏ ਇਨਸਾਨ ਦੀ ਪੈਦਾਇਸ਼ ਦੀ ਸਾਇੰਸ ਦੀ ਗ਼ਲਤ ਵਰਤੋਂ ਹੋ ਸਕਦੀ ਏ ਅਤੇ ਮਿਸਾਲ ਦੇ ਤੌਰ 'ਤੇ ਮਸਨੂਈ ਹਿਟਲਰਾਂ ਦੀ ਨਸਲ ਪੈਦਾ ਕੀਤੀ ਜਾ ਸਕਦੀ ਹੈ, ਜਿਹੜੀ ਸ਼ਾਇਦ ਏਨੀ ਚੰਗੀ ਗੱਲ ਨਹੀਂ ਹੋਵੇਗੀ। ਜਿੱਥੇ ਇਨਸਾਨੀ ਇਲਮਾਂ 'ਚ ਏਨੀ ਤਰੱਕੀ ਹੋ ਰਹੀ ਏ, ਉਥੇ ਦੂਜੇ ਪਾਸੇ ਜ਼ਿੰਦਗੀ ਦੀ ਘੁੰਡੀ ਏਨੀ ਗੁੰਝਲ਼ਦਾਰ ਏ ਕਿ ਇਹਨੂੰ ਅੰਡਰਗਰਾਊਂਡ ਰੇਲਗੱਡੀ 'ਚ ਸਫ਼ਰ ਕਰਦਿਆਂ ਹੱਲ ਨਹੀਂ ਕੀਤਾ ਜਾ ਸਕਦਾ। ਇਹਦੇ ਬਾਰੇ ਸੋਚਦਿਆਂ ਕਦੇ ਕਦੇ ਖ਼ਿਆਲ ਆਉਂਦਾ ਏ ਕਿ ਹਰ ਜੁਲਾਹਾ ਕਬੀਰ, ਹਰ ਖੱਤਰੀ ਨਾਨਕ, ਹਰ ਜੱਟ ਫ਼ੈਜ਼, ਹਰ ਸਨਾਉਂਲ੍ਹਾ ਮੀਰਾ ਜੀ ਅਤੇ ਹਰ ਸੱਯਦ ਬੁਲ੍ਹੇ ਸ਼ਾਹ ਅਰਾਈਂ ਕਿਉਂ ਨਹੀਂ ਬਣ ਸਕਦਾ ਜਾਂ ਬਣਦਾ? ਜ਼ਾਹਿਰ ਏ ਪਈ ਜਿਸ ਦਿਨ ਫ਼ਿਤਰਤ, ਮਾਹੌਲ ਤੇ ਬੰਦੇ ਦੇ ਮਿਲਣ ਦੀ ਸਹੀ-ਸਹੀ ਨਕਸ਼ਾਕਸ਼ੀ ਹੋ ਗਈ, ਓਸ ਦਿਨ ਹਰ ਜੁਲਾਹੇ ਨੂੰ ਕਬੀਰ ਬਣਾਇਆ ਜਾ ਸਕੇਗਾ। ਸ਼ਾਇਦ ਇੰਜ ਕਦੇ ਵੀ ਨਾ ਹੋਵੇ, ਜੋ ਹੋਇਆ ਵੀ, ਤਾਂ ਮੁਆਮਲਾ ਆਲਡਸ ਹਕਸਲੇ ਵਾਲ਼ੀ ਨਵੀਂ ਦੁਨੀਆ ਤਾਈਂ ਪਹੁੰਚ ਸਕਦਾ ਏ।

ਇਹੀ ਘੁੰਡੀ ਨੌਬਸਤੀਵਾਦੀ, ਜਗੀਰਦਾਰੀ ਸਮਾਜ ਦੇ ਪੂਰਬੀ ਪੰਜਾਬ ਦੇ ਕਿਸੇ ਪਿੰਡ ਵਿਚ ਗ਼ਰੀਬ ਘਰ 'ਚ ਜ਼ਿਹਨੀ ਤੌਰ 'ਤੇ ਬੇਸਰ ਅਤੇ ਬਾਂਝ ਮਾਹੌਲ ਵਿਚ ਪੈਦਾ ਹੋਣ ਵਾਲ਼ੇ ਹਬੀਬ ਅਹਮਦ ਦੀ ਏ ਕਿ ਉਹ ਹਬੀਬ ਅਹਮਦ ਤੋਂ ਹਬੀਬ ਜਾਲਿਬ ਕਿਵੇਂ ਬਣਿਆ? ਅਤੇ ਹਬੀਬ ਜਾਲਿਬ ਬਣਨ ਪਿੱਛੋਂ ਉਹ ਅਵਾਰਾ ਪੱਤੇ ਦੀ ਤਰ੍ਹਾਂ ਉੜਦਾ ਉੜਦਾ ਸਰ-ਏ-ਦਾਰ ਪਹੁੰਚਿਆ ਤੇ ਓਥੇ ਉਹਨੇ ਅਪਣਾ ਹਰਫ਼ ਸੁਣਾਇਆ। ਇਹ ਹੋਇਆ, ਪਰ ਹੋਇਆ ਕਿਵੇਂ? ਹਰ ਹਬੀਬ ਅਹਮਦ ਹਬੀਬ ਜਾਲਿਬ ਕਿਉਂ ਨਹੀਂ ਬਣਦਾ?

-ਯਾਹੀਆ ਖ਼ਾਨ ਦੇ ਜ਼ਮਾਨੇ ਵਿਚ ਜਦੋਂ ਫ਼ੌਜੀਆਂ ਨੇ ਜਾਲਿਬ ਨੂੰ ਫੜ ਲਿਆ, ਤਾਂ ਮੀਆਂ ਮਹਮੂਦ ਅਲੀ ਕਸੂਰੀ ਨੇ ਜਾਲਿਬ ਦੇ ਵਾਲਿਦ ਸਾਹਿਬ ਨੂੰ ਕਿਹਾ: ਜਾਲਿਬ ਮੁਖ਼ਾਲਫ਼ਤ ਛੱਡ ਕਿਉਂ ਨਹੀਂ ਦਿੰਦਾ? ਵਾਲਿਦ ਸਾਹਿਬ ਨੇ ਇਸ ਦਿੱਤੇ ਸੁਨੇਹੇ ਦੇ ਨਾਲ਼ ਇਹ ਵੀ ਕਿਹਾ: ਨਾਅਤਾਂ ਕਿਉਂ ਨਹੀਂ ਲਿਖਦਾ? ਮੈਂ ਸੋਚਦਾ ਹਾਂ ਕਿ ਹਬੀਬ ਅਹਮਦ ਹਬੀਬ ਜਾਲਿਬ ਬਣਨ ਪਿੱਛੋਂ ਹਬੀਬ ਨਾਅਤਖ਼ਾ ਵੀ ਬਣ ਸਕਦੇ ਸਨ। ਜੇ ਹਬੀਬ ਜਾਲਿਬ ਨਾਅਤਖ਼ਾ ਬਣ ਜਾਂਦੇ, ਤਾਂ ਅੱਜਕੱਲ੍ਹ ਬੜੇ ਮਜ਼ੇ ਵਿਚ ਹੁੰਦੇ; ਪਰ ਫੇਰ ਅੱਜ ਵਾਲ਼ਾ ਹਬੀਬ ਜਾਲਿਬ ਕਿੱਥੋਂ ਮਿਲ਼ਦਾ? -

ਕਈ ਸਾਲ ਪਹਿਲਾਂ ਦੀ ਗੱਲ ਏ। ਲਾਹੌਰ ਵਿਚ ਨਵੇਂ-ਨਵੇਂ ਲਿਖਣ ਵਾਲ਼ਿਆਂ ਦਾ ਰੌਲ਼ਾ ਪਿਆ, ਤਾਂ ਇਸਲਾਮੀਆ ਕਾਲਜ ਵਿਚ ਯੰਗ ਰਾਈਟਰਜ਼ ਸੁਸਾਇਟੀ ਨੇ ਨਵੇਂ-ਨਵੇਂ ਲਿਖਣ ਵਾਲ਼ਿਆਂ ਦਾ ਸਿੰਪੋਜ਼ੀਅਮ ਕੀਤਾ। (ਇਸ ਸੁਸਾਇਟੀ ਦਾ ਇੰਚਾਰਜ ਮੈਂ ਸਾਂ)। ਇਹਦੇ 'ਚ ਸ਼ਰੀਕ ਹੋਣ ਵਾਲ਼ਿਆਂ ਦੀ ਫ਼ਹਿਰਿਸਤ ਪੜ੍ਹਦਿਆਂ ਪ੍ਰਿੰਸੀਪਲ ਮੇਰੇ ਪਿਆਰੇ ਦੋਸਤ ਇਫ਼ਤਿਖ਼ਾਰ ਜਾਲਿਬ ਦੇ ਨਾਂਅ 'ਤੇ ਅਟਕੇ: ਅਮੀਨ ਸਾਹਿਬ ਮੈਂ ਇਸ ਸ਼ਾਇਰ ਨੂੰ ਖ਼ਾਸ ਤੌਰ 'ਤੇ ਸੁਣਨਾ ਚਾਹੁੰਦਾ ਹਾਂ। ਮੈਨੂੰ ਪਤਾ ਸੀ, ਉਹ ਕਿਸ ਜਾਲਿਬ ਦੀ ਗੱਲ ਕਰ ਰਹੇ ਹਨ, ਪਰ ਮੈਂ ਉਨ੍ਹਾਂ ਦੀ ਗ਼ਲਤਫ਼ਹਿਮੀ ਦੂਰ ਕਰਨੀ ਮੁਨਾਸਿਬ ਨਾ ਸਮਝੀ। ਜਦੋਂ ਇਫ਼ਤਿਖ਼ਾਰ ਜਾਲਿਬ ਨੇ ਇਹ ਸ਼ਿਅਰ ਪੜ੍ਹਿਆ:

ਬਦਮਾਸ਼ ਖ਼ਾਮੋਸ਼ੀ ਕਾ ਹਿਯੂਲਾ-ਏ-ਸ਼ਬ-ਓ-ਰੋਜ਼ ਤਮੰਨਾਓ ਕੇ ਮਖ਼ਸੂਸ ਮਕਾਮੋਂ ਸੇ ਗੁਜ਼ਰਤਾ ਹੀ ਨਹੀਂ

ਤਾਂ ਪ੍ਰਿੰਸੀਪਲ ਸਾਹਿਬ ਦਾ ਉਤਲਾ ਸਾਹ ਉੱਤੇ ਈ ਰਹਿ ਗਿਆ। ਇਹ ਉਹ ਦਿਨ ਸਨ, ਜਦੋਂ ਇਫ਼ਤਿਖ਼ਾਰ ਜਾਲਿਬ ਤੇ ਹਬੀਬ ਜਾਲਿਬ ਦੇ ਨਾਵਾਂ ਦਾ ਭੁਲੇਖਾ ਪੈ ਸਕਦਾ ਸੀ। ਹੁਣ ਤਾਂ ਸਿਰਫ਼ ਹਬੀਬ ਜਾਲਿਬ ਅਸਲੀ ਤੇ ਵੱਡਾ ਜਾਲਿਬ ਏ; ਤੇ ਇਹ ਕੋਈ ਛੋਟੀ ਗੱਲ ਨਹੀਂ।

ਪਰ ਇਹ ਉਸ ਵੇਲੇ ਹੋ ਸਕਦਾ ਏ, ਜਦੋਂ ਬੰਦਾ ਆਵਾਰਾ ਪੱਤੇ ਵਾਂਙ ਉੜਨਾ ਬੰਦ ਕਰ ਦੇਵੇ; ਸਰ-ਏ-ਦਾਰ ਪਹੁੰਚੇ ਅਤੇ ਆਪਣਾ ਹਰਫ਼ ਸੁਣਾਵੇ ਤੇ ਸੁਣਾਉਂਦਾ ਰਹੇ; ਰੁਕੇ ਨਾ ਲੈਲਾ ਭੀ ਹਮਨਸ਼ੀਨ ਹੋ ਤੋ ਮੋਹਮਲ ਨਾ ਕਬੂਲ ਕਰੇ... -

ਹਬੀਬ ਜਾਲਿਬ ਦੇ ਵੱਡੇ ਹੋਣ 'ਚ ਉਨ੍ਹਾਂ ਦੇ ਦੋਸਤਾਂ ਦਾ ਨੁਕਸਾਨ ਏ। ਲਾਹੌਰ 'ਚ ਕਰਫ਼ਿਊ ਦੇ ਦਿਨ ਸਨ। ਸਾਡੇ ਨਿੱਕੇ ਗੁੱਗੂ ਨੂੰ ਕੁੱਤੇ ਨੇ ਵੱਢਿਆ। ਜਾਲਿਬ ਓਸੇ ਵੇਲੇ ਮੇਰੇ ਘਰ ਆ ਗਏ। ਸਾਡਾ ਦੋਹਵਾਂ ਦਾ ਕੁੱਤਾ-ਗਿਆਨ ਘਟ ਸੀ। ਨਾਲ਼ ਦੇ ਘਰ ਮਲਿਕ ਅਸਲਮ ਹਯਾਤ ਕੋਲ਼ ਗਏ। ਉਨ੍ਹਾਂ ਅਪਣੀ ਮਾਹਿਰਾਂ ਵਾਲ਼ੀ ਵਾਕਫ਼ੀਅਤ ਦੇ ਜ਼ੋਰ 'ਤੇ ਸਾਨੂੰ ਏਨਾ ਡਰਾਇਆ ਕਿ ਅਸੀਂ ਤਿੰਨੇ ਮੇਓ ਹਸਪਤਾਲ਼ ਵਲ ਤੁਰ ਪਏ। ਜਦੋਂ ਅਸੀਂ ਫ਼ੌਜੀਆਂ ਵਿਚ ਦੀ ਲੰਘਣ ਲੱਗੇ, ਤਾਂ ਛੱਤਾਂ 'ਤੇ ਖੜ੍ਹੇ ਲੋਕਾਂ ਨੇ ਜਾਲਿਬ ਨੂੰ ਵੇਖ ਕੇ ਤਾੜੀਆਂ ਮਾਰੀਆਂ। ਮੈਂ ਬੜਾ ਖ਼ੁਸ਼ ਹੋਇਆ। ਜਦ ਅਸੀਂ ਹਸਪਤਾਲ਼ੋਂ ਬਾਹਰ ਨਿਕਲ਼ੇ, ਤਾਂ ਉਨ੍ਹਾਂ ਧਰ ਲਿਆ ਸਾਨੂੰ। ਪੁਲ਼ਸ ਤੇ ਫ਼ੌਜ ਨੇ ਬਾਕੀ ਸਾਰਿਆਂ ਨੂੰ ਛੱਡ ਦਿੱਤਾ, ਪਰ ਸਾਨੂੰ ਬਿਠਾ ਲਿਆ। ਬੜੀ ਦੇਰ ਲਾ ਕੇ ਸਾਨੂੰ ਜ਼ਾਤੀ ਮੁਚੱਲਕੇ 'ਤੇ ਛੱਡਿਆ ਅਸੀਂ ਸਮਝਿਆ, ਮੁਆਮਲਾ ਖ਼ਤਮ ਹੋ ਗਿਆ। ਭੁੱਟੋ ਸਾਹਿਬ ਦੀ ਹਕੂਮਤ ਦੇ ਸ਼ੁਰੂ 'ਚ ਅਚਾਨਕ ਸਮਨ ਆ ਗਏ। ਭਲਾ ਹੋਵੇ, ਸੱਯਦ ਆਬਿਦ ਅਲੀ ਆਬਿਦ ਦੇ ਸਾਹਿਬਜ਼ਾਦੇ ਦਾ ਕਿ ਉਹ ਮੈਜਿਸਟ੍ਰੇਟ ਸਨ। ਉਨ੍ਹਾਂ ਨੇ ਜਾਲਿਬ ਕਰਕੇ ਮੁਕੱਦਮਾ ਖ਼ਾਰਜ ਕਰ ਦਿੱਤਾ। ਮਤਲਬ ਕਿ ਜਾਲਿਬ ਕਰਕੇ ਦਾਦ ਵੀ ਮਿਲ਼ੀ; ਫੜੇ ਵੀ ਗਏ ਤੇ ਛੁੱਟੇ ਵੀ ਉਨ੍ਹਾਂ ਕਰਕੇ। ਇਹਦੇ ਵਿਚ ਇੱਕੋ ਕੰਮ ਖ਼ਰਾਬ ਏ ਜਾਲਿਬ ਨਾਲ਼ ਫੜੇ ਜਾਣ ਦਾ। ਇਹੀ ਵਜ੍ਹਾ ਏ ਪਈ ਰਾਤ ਦੇ ਬਾਰਾਂ ਵਜੇ ਬਾਅਦ ਉਹਦੇ ਦੋਸਤ ਉਹਦੇ ਨਾਲ਼ ਸਫ਼ਰ ਕਰਨੋਂ ਘਬਰਾਉਂਦੇ ਹਨ। ਘੱਟੋ-ਘੱਟ ਮੈਂ ਤੇ ਨਸ ਜਾਂਦਾ ਵਾਂ। ਕਈ ਵਾਰ ਉਹ ਸਿਆਸੀ ਹਰਕਤਾਂ ਕਰਕੇ ਫੜਿਆ ਜਾਂਦਾ ਏ, ਬਲਕਿ ਸੱਚੀ ਗੱਲ ਤਾਂ ਇਹ ਵੇ, ਫੜੇ ਜਾਣ ਦੀ ਉਹਨੂੰ ਆਦਤ ਪੈ ਗਈ ਏ। ਮੈਂ ਖ਼ੁਸ਼ਕਿਸਮਤ ਹੁੰਦਾਂ, ਜਿਹੜਾ ਬਚ ਜਾਂਦਾਂ, ਪਰ ਇਸ ਬਚਾਉ 'ਚ ਮੇਰੀ ਬੁਜ਼ਦਿਲੀ ਵੀ ਹੁੰਦੀ ਏ। ਇਕ ਵਾਰੀ ਜਾਲਿਬ ਸਾਹਿਬ ਮੈਨੂੰ ਲੱਭਦੇ-ਲੱਭਦੇ ਥਾਣੇ ਚਲੇ ਗਏ। ਥਾਣੇਦਾਰ ਕਹਿੰਦਾ: ਚੰਗਾ ਕੀਤਾ, ਆਪ ਈ ਆ ਗਏ ਓ। ਅਸੀਂ ਤੁਹਾਨੂੰ ਲੱਭਦੇ ਫਿਰਦੇ ਸਾਂ!

ਜਾਲਿਬ ਸਾਹਿਬ ਦੀ ਸ਼ੁਹਰਤ ਤੇ ਵਡੱਤਣ ਨੇ ਉਨ੍ਹਾਂ ਨੂੰ ਇਕਲਾਪੇ ਦਾ ਸ਼ਿਕਾਰ ਬਣਾ ਦਿੱਤਾ ਏ। ਉਨ੍ਹਾਂ ਨੂੰ ਆਪਣੇ ਆਲ਼ੇ-ਦੁਆਲ਼ੇ ਦੇ ਸ਼ਾਇਰਾਂ ਦੇ ਦਾਇਰੇ 'ਚ ਆਪਣੇ ਵਰਗੇ ਬਹੁਤ ਘੱਟ ਲੋਕੀਂ ਦਿਸਦੇ ਹਨ, ਜਿਹੜੇ ਉਨ੍ਹਾਂ ਵਾਂਙਣ ਹਰਫ਼-ਏ-ਹਕ ਕਹਿਣ ਦੇ ਆਦੀ ਹੋਣ। ਉਨ੍ਹਾਂ ਦੀ ਸ਼ਾਇਰਾਨਾ ਅੱਤਕਥਨੀ ਆਪਣੇ ਆਪ 'ਚ ਮੌਜ਼ੂ ਬਣ ਗਈ ਏ। (ਇਹ ਕਿਸੇ ਹੱਦ ਤੱਕ ਹਰ ਸ਼ਾਇਰ 'ਚ ਹੁੰਦੀ ਏ)। ਉਹ ਆਪਣੇ ਆਪ ਨੂੰ ਹਸਰਤ ਮੋਹਾਨੀ ਦੀ ਰੀਤ ਦਾ ਸ਼ਾਇਰ ਸਮਝਦੇ ਨੇ, ਹੋ ਸਕਦੈ, ਕਈ ਲੋਕੀਂ ਉਹਦੀ ਇਸ ਗੱਲ ਨੂੰ ਮੰਨਣ ਨਾ

ਹਸਰਤ ਮੋਹਾਨੀ ਦੀ ਰੀਤ ਏਨੀ ਔਖੀ ਏ ਕਿ ਬੰਦਾ ਫੇਰ ਵਿਕਣ ਜੋਗਾ ਨਹੀਂ ਰਹਿੰਦਾ। ਸ਼ੁਰੂ-ਸ਼ੁਰੂ 'ਚ ਉਹਦੀ ਬੋਲੀ ਪੈਂਦੀ ਏ। ਬੰਦਾ ਇਨਕਾਰ ਕਰੀ ਜਾਂਦਾ ਏ। ਉਸ ਵੇਲੇ ਹਰ ਪਾਸੇ ਵਾਹ-ਵਾਹ ਤੇ ਸ਼ਾਬਾਸ਼ ਮਿਲ਼ਦੀ ਏ, ਜਿਹੜੀ ਉਹਨੂੰ ਸੂਲ਼ੀ ਚੜ੍ਹ ਜਾਣ ਲਈ ਪਰੇਰਦੀ ਏ। ਬੰਦਾ ਸੂਲ਼ੀ ਚੜ੍ਹਦਾ ਰਹਿੰਦਾ ਏ; ਉਤਰਦਾ ਰਹਿੰਦਾ ਏ; ਫੇਰ ਚੜ੍ਹਦਾ ਰਹਿੰਦਾ ਏ। ਇਹ ਚੜ੍ਹਾਈ ਉਤਰਾਈ ਉਹਦੀ ਆਦਤ ਬਣ ਜਾਂਦੀ ਏ। ਫੇਰ ਹਾਕਮ ਉਹਦੀ ਬੋਲੀ ਦੇਣੀ ਬੰਦ ਕਰ ਦਿੰਦੇ ਨੇ, ਬੰਦਾ ਆਪਣੀ ਲਗਨ ਦਾ ਏਨਾ ਪੱਕਾ ਹੋ ਜਾਂਦਾ ਏ ਕਿ ਉਹ ਹੋਰ ਕੁਝ ਕਰ ਹੀ ਨਹੀਂ ਸਕਦਾ। ਹਾਕਮਾਂ ਨੂੰ ਉਹਦੇ ਵਿਕਣ ਦੀ ਕੋਈ ਆਸ ਨਹੀਂ ਰਹਿੰਦੀ। ਹੁਸਨ ਨੂੰ ਅੱਖ-ਮਟੱਕੇ ਦੀ ਲੋੜ ਨਹੀਂ ਰਹਿੰਦੀ। ਉਹਦਾ ਕੰਮ ਸੌਖਾ ਹੋ ਜਾਂਦਾ ਏ; ਲੇਕਿਨ ਯਾ ਰੱਬ ਕਿੰਨੇ ਜਤਨਾਂ ਨਾਲ਼! ਉਹ ਜ਼ੱਰਾ ਹੁੰਦਿਆਂ ਪਹਾੜ ਨਾਲ਼ ਟਕਰਾਉਂਦਾ ਏ। ਹੁਣ ਜਾਲਿਬ ਦੀ ਬੋਲੀ ਨਹੀਂ ਪੈਂਦੀ। ਪਰ ਹਾਕਮ ਉਹਨੂੰ ਉਹਦੇ ਆਪਣੇ ਹਾਲ 'ਤੇ ਵੀ ਨਹੀਂ ਛੱਡਦੇ। ਉਹਦੀ ਵੀ ਮੁਲਾਕਾਤ ਹੁੰਦੀ ਏ, ਪਰ ਫ਼ੈਜ਼ ਦੀ ਮੁਲਾਕਾਤ ਤੋਂ ਵੱਖਰੀ। ਜਿਵੇਂ ਜਾਲਿਬ ਕਹਿੰਦਾ ਏ: ਹਾਲਾਤ ਕਾ ਮਾਤਮ ਥਾ, ਮੁਲਾਕਾਤ ਕਹਾਂ ਥੀ?... ਪਰ ਇਹ ਉਹ ਮਕਾਮ ਹੈ, ਜਿੱਥੇ ਸ਼ਖ਼ਸੀਅਤ ਦੀ ਮਾਨਤਾ ਹੋਣ ਲਗਦੀ ਹੈ; ਬੰਦਾ 'ਲੈਜੰਡ' ਬਣਨਾ ਸ਼ੁਰੂ ਹੋ ਜਾਂਦਾ ਏ

ਮੈਂ ਲੋਕਾਂ ਦੀ ਹੱਲਾਸ਼ੇਰੀ ਦੀ ਗੱਲ ਕਰਕੇ ਹਟਿਆਂ। ਇਹਦੀ ਵਜ਼ਾਹਤ ਦੀ ਲੋੜ ਏ। ਮਨਸੂਰ ਤੇ ਸਰਮਦ ਨੂੰ ਸੂਲ਼ੀ 'ਤੇ ਝੂਲਦਿਆਂ ਵੇਖਣ ਲਈ ਲੋਕਾਂ ਦੀ ਭੀੜ ਲੱਗ ਗਈ ਸੀ। ਕੀ ਲੋਕਾਂ ਤੇ ਉਨ੍ਹਾਂ ਸ਼ਹੀਦਾਂ ਵਿਚਾਲ਼ੇ ਕੋਈ ਫ਼ੈਸਲਾ ਸੀ? ਜੇ ਨਹੀਂ ਸੀ ਤਾਂ ਉਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਸ਼ਹੀਦ ਹੋਣੋਂ ਕਿਉਂ ਨਾ ਰੋਕਿਆ? ਇਸੇ ਬਹਿਸ ਵਿਚ ਸਮਾਜੀਅਤ ਦਾ 'ਹੀਰੋ- ਕੁਰਬਾਨੀ ਦਾ ਬੱਕਰਾ' ਦਾ ਤਸੱਵਰ ਪੈਦਾ ਹੁੰਦਾ ਏ ਕਿ ਯਸੂ ਮਸੀਹ, ਮਨਸੂਰ, ਸਰਮਦ, ਸ਼ਾਹ ਹੁਸੈਨ ਲੋਕਾਂ ਦੇ ਗੁਨਾਹਾਂ ਦਾ ਕਫ਼ਾਰਾ ਅਦਾ ਕਰਦੇ ਸਨ। ਮੈਂ ਇਸ ਤਸੱਵਰ ਦਾ ਕਾਇਲ ਨਹੀਂ ਹਾਂ; ਘੱਟੋਘੱਟ ਜਾਲਿਬ ਦੇ ਮੁਆਮਲੇ ਵਿਚ ਜਾਲਿਬ ਨੇ ਜੇ ਮਾਰ ਖਾਧੀ ਏ, ਤਾਂ ਲੋਕ ਵੀ ਪਿੱਛੇ ਨਹੀਂ ਰਹੇ। ਜੇ ਲੋਕਾਂ ਨੇ ਮਜ਼ਾਹਮਤ [ਵਿਰੋਧ] ਵਿਖਾਈ ਏ, ਤਾਂ ਪਿਛਲੀ ਤਾਰੀਖ਼ ਵੀ ਲੋਕਾਂ ਦੀ ਮੁਜ਼ਾਹਮਤ ਨਾਲ਼ ਭਰੀ ਪਈ ਏ। ਏਸੇ ਕਰਕੇ ਲੋਕ ਜਾਲਿਬ ਦੇ ਪ੍ਰਸੰਸਕ ਨੇ, ਕਿਉਂਕਿ ਦੋਹਵੇਂ ਮਜ਼ਾਹਮਤ ਦੇ ਰਾਹ 'ਤੇ ਚੱਲਣ ਵਾਲ਼ੇ ਨੇ। ਜਾਲਿਬ ਲੋਕਾਂ ਦਾ ਸ਼ਾਇਰ ਏ, ਇਸ ਲਈ ਉਹ ਅਵਾਮ ਦੀ ਮਜ਼ਾਹਮਤ ਦਾ ਨੁਮਾਇੰਦਾ ਏ।

ਇਹ ਸਹੀ ਏ ਪਈ ਅਤਾਉੱਲਾ ਸ਼ਾਹ ਬੁਖ਼ਾਰੀ, ਉਨ੍ਹਾਂ ਦੇ ਆਪਣੇ ਕਹਿਣ ਵਾਂਙ, ਵਾਹ ਸ਼ਾਹ ਜੀ ਵਾਹ ਜੀ ਅਤੇ ਆਹ ਸ਼ਾਹ ਜੀ ਆਹ ਦੇ ਵਿਚਾਲ਼ੇ ਤਬਾਹ ਹੋ ਗਏ। [ਕਾਂਗਰਸ ਦੀ ਹਮਾਇਤੀ ਅਹਰਾਰ ਪਾਰਟੀ ਦੇ ਲੀਡਰ ਬੁਖ਼ਾਰੀ ਕਹਿੰਦੇ ਸਨ: ਮੈਂ ਲਹੌਰੀਆਂ ਨੂੰ ਨਹੀਂ ਜਾਣ ਸਕਿਆ। ਇਹ ਮੇਰੀ ਤਕਰੀਰ ਸੁਣ 'ਵਾਹ ਸ਼ਾਹ ਜੀ ਵਾਹ ਜੀ ਕਰਦੇ ਹਨ ਤੇ ਜਦ ਹਾਰ ਜਾਂਦਾ ਹਾਂ, ਤਾਂ ਆਹ ਸ਼ਾਹ ਜੀ ਆਹ ਜੀ ਕਰਦੇ ਹਨ। ਸੰਪਾਦਕ] ਲੋਕ ਭਾਸ਼ਣ ਉਨ੍ਹਾਂ ਦਾ ਸੁਣਦੇ ਸਨ, ਪਰ ਵੋਟ ਉਨ੍ਹਾਂ ਦੇ ਮੁਖ਼ਾਲਫ਼ਾਂ ਨੂੰ ਪਾਉਂਦੇ ਸਨ। ਲੋਕ ਸ਼ਾਇਰੀ ਜਾਲਿਬ ਦੀ ਸੁਣਦੇ ਨੇ, ਪਰ ਵੋਟ ਮੀਆਂ ਮੁਹੰਮਦ ਗਫ਼ੀ ਨੂੰ ਪਾਉਂਦੇ ਨੇ। ਇਹਦਾ ਇਹ ਮਤਲਬ ਨਹੀਂ ਕਿ ਜਾਲਿਬ ਤੇ ਲੋਕ ਮੁਖ਼ਾਲਿਫ਼ ਪਾਸਿਆਂ ਵੱਲ ਟੁਰ ਰਹੇ ਹੁੰਦੇ ਨੇ। ਦੋਹਵੇਂ ਮਜ਼ਾਹਮਤ ਦੇ ਪਾਂਧੀ ਨੇ; ਪਰ

ਅਗਲੇ ਚੋਣ-ਚੱਕਰ ਲਈ ਵਿਛਾਈ ਜਾਣ ਲੱਗ ਪਈ ਹੈ ਚੋਣ-ਸ਼ਤਰੰਜ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਸਾਰੀ ਦੁਨੀਆ ਜਾਣਦੀ ਹੈ ਕਿ ਲੋਕਤੰਤਰੀ ਪ੍ਰਕਿਰਿਆ ਵਿੱਚ ਸਰਕਾਰਾਂ ਉੱਤੇ ਕਈ ਕਿਸਮ ਦੇ ਦਬਾਅ ਹੁੰਦੇ ਹਨ ਤੇ ਸਭ ਤੋਂ ਵੱਡਾ ਦਬਾਅ ਅਗਲੀਆਂ ਚੋਣਾਂ ਵਿੱਚ ਵੋਟਰ ਜਾਂ ਆਮ ਲੋਕਾਂ ਦੇ ਨਾਰਾਜ਼ ਹੋਣ ਦਾ ਹੁੰਦਾ ਹੈ। ਇਸ ਦਬਾਅ ਹੇਠ ਉਹ ਬਹੁਤ ਵਾਰੀ ਏਦਾਂ ਦੀਆਂ ਛੋਟਾਂ ਦੇਣ ਲੱਗ ਜਾਂਦੀਆਂ ਹਨ, ਜਿਹੜੀਆਂ ਉਨ੍ਹਾਂ ਦੇ ਚਿਤਵੇ ਹੋਏ ਵੱਡੇ ਕੰਮਾਂ ਜਾਂ ਭਵਿੱਖ ਵਿੱਚ ਉਸ ਰਾਜ ਤੇ ਦੇਸ਼ ਦੀਆਂ ਲੋੜਾਂ ਉੱਤੇ ਭਾਰੂ ਹੋ ਜਾਂਦੀਆਂ ਹਨ ਤੇ ਵਿਕਾਸ ਦੇ ਕੰਮ ਲਟਕ ਜਾਂਦੇ ਹਨ। ਪਹਿਲਾਂ ਇੱਕ ਪਾਰਟੀ ਲੋਕਾਂ ਨੂੰ ਇਹ ਕਹਿੰਦੀ ਹੈ ਕਿ ਉਹ ਚੋਣ ਜਿੱਤ ਗਈ ਤਾਂ ਫਲਾਣੀ ਛੋਟ ਦੇਵੇਗੀ ਅਤੇ ਉਸ ਦਾ ਐਲਾਨ ਆਉਂਦੇ ਸਾਰ ਉਸ ਦੀ ਮੁਕਾਬਲੇਬਾਜ਼ ਦੂਸਰੀ ਪਾਰਟੀ ਉਸ ਤੋਂ ਵੀ ਵੱਧ ਛੋਟਾਂ ਆਪਣਾ ਰਾਜ ਆਉਣ ਉੱਤੇ ਦੇਣ ਦੇ ਐਲਾਨ ਕਰੀ ਜਾਂਦੀ ਹੈ। ਏਦਾਂ ਦੀਆਂ ਮੁਕਾਬਲੇ ਵਿੱਚ ਅੱਗੇ ਲੰਘਣ ਵਾਲੀਆਂ ਛੋਟਾਂ ਦੀ ਵੱਡੀ ਸੂਚੀ ਬਣਾਉਣ ਲਈ ਸਿਆਸੀ ਜੰਗ ਵਿੱਚ ਕੁੱਦਣ ਤੇ ਕੁਰਸੀ ਤੱਕ ਪਹੁੰਚਣ ਦਾ ਦਾਅਵਾ ਕਰਦੀਆਂ ਮੁੱਖ ਧਿਰਾਂ ਨੇ ਵਿਸ਼ੇਸ਼ ਸੈੱਲ ਬਣਾਏ ਅਤੇ ਏਦਾਂ ਦੇ ਵੱਡੇ ਮਾਹਰ ਬਿਠਾਏ ਹੁੰਦੇ ਹਨ, ਜਿਹੜੇ ਕਿਸੇ ਉਸਾਰੂ ਕੰਮ ਵਿੱਚ ਲਾਏ ਹੋਣ ਤਾਂ ਦੇਸ਼ ਵਾਸੀਆਂ ਦਾ ਓੜਕ ਦਾ ਲਾਭ ਕਰ ਸਕਦੇ ਹਨ, ਪਰ ਗਲਤ ਪਾਸੇ ਲਾ ਕੇ ਉਨ੍ਹਾਂ ਦੀ ਯੋਗਤਾ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਇਹ ਮੁਕਾਬਲਾ ਜਦੋਂ ਅਤੇ ਜਿਹੜੇ ਵੀ ਦੇਸ਼ ਵਿੱਚ ਇੱਕ ਵਾਰ ਸ਼ੁਰੂ ਹੋ ਜਾਂਦਾ ਹੈ, ਫਿਰ ਛੇਤੀ ਕੀਤੇ ਉਸ ਦਾ ਖਹਿੜਾ ਨਹੀਂ ਛੱਡਦਾ ਤੇ ਭਾਰਤ ਵੀ ਏਸੇ ਤਰ੍ਹਾਂ ਦੇ ਦੇਸ਼ਾਂ ਵਿੱਚੋਂ ਹੈ, ਜਿਸ ਵਿੱਚ ਮੁਫਤ ਦੀਆਂ ਸਹੂਲਤਾਂ ਦੇਣ ਦਾ ਮੁਕਾਬਲਾ ਸਿਖਰਾਂ ਛੋਹ ਰਿਹਾ ਹੈ। ਪ੍ਰਧਾਨ ਮੰਤਰੀ ਅਤੇ ਭਾਰਤ ਦੇ ਹਰ ਛੋਟੇ-ਵੱਡੇ ਰਾਜ ਦੀ ਸੱਤਾ ਦਾ ਹਰ ਦਾਅਵੇਦਾਰ ਏਸੇ ਕੰਮ ਲੱਗਾ ਨਜ਼ਰ ਪੈਂਦਾ, ਪਰ ਹਰ ਕੋਈ ਇਸ ਖੇਡ ਨੂੰ 'ਮੁਫਤ ਦੀਆਂ ਰਿਉੜੀਆਂ ਵੰਡਣਾ' ਕਹਿ ਕੇ ਦੂਸਰਿਆਂ ਦੀ ਨੁਕਤਾਚੀਨੀ ਕਰਦਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨੇ ਖੁਦ ਇਹ ਗੱਲ ਕਈ ਵਾਰੀ ਕਹੀ ਹੈ, ਪਰ 'ਰਿਉੜੀਆਂ' ਦੇ ਐਲਾਨ ਕਰਨ ਵਿੱਚ ਉਹ ਵੀ ਕਸਰ ਨਹੀਂ ਰੱਖਦੇ।

ਜਦੋਂ ਤੇ ਜਿਸ ਵੀ ਦੇਸ਼ ਵਿੱਚ ਇਹੋ ਜਿਹੀ ਮੁਕਾਬਲੇਬਾਜ਼ੀ ਇੱਕ ਵਾਰ ਆਰੰਭ ਹੋ ਜਾਵੇ ਅਤੇ ਨਾਲ ਇਹ ਵੀ ਪਤਾ ਹੋਵੇ ਕਿ ਕੁਝ ਕਰਨ ਬਗੈਰ ਦੇਸ਼ ਦੇ ਖਜ਼ਾਨੇ ਨੂੰ ਦਾਅ ਉੱਤੇ ਲਾ ਕੇ ਰਾਜ ਹਥਿਆਇਆ ਜਾ ਸਕਦਾ ਹੈ, ਓਥੇ ਫਿਰ ਦੇਸ਼ ਹਿੱਤ ਬਾਰੇ ਸੋਚਣ ਵਾਲਾ ਕੋਈ ਆਗੂ ਘੱਟ ਹੀ ਲੱਭਦਾ ਹੈ। ਸੱਤਾ ਦੀ ਪੌੜੀ ਚੜ੍ਹਨ ਦਾ ਇਹ ਫਾਰਮੂਲਾ ਸਿਆਸੀ ਲੀਡਰਾਂ ਦਾ ਖਹਿੜਾ ਕੁਝ ਕੁ ਚਿਰ ਲਈ ਸਿਰਫ ਓਦੋਂ ਛੱਡਦਾ ਹੈ, ਜਦੋਂ ਅਗਲੀ ਕਿਸੇ ਤਰ੍ਹਾਂ ਦੀ ਕੋਈ ਚੋਣ ਬਹੁਤ ਜ਼ਿਆਦਾ ਨੇੜੇ ਨਾ ਦਿਖਾਈ ਦੇਂਦੀ ਹੋਵੇ। ਭਾਰਤ ਇਸ ਸਾਲ ਦਾ ਬਹੁਤਾ ਸਮਾਂ ਉਸ ਦੌਰ ਵਿੱਚ ਰਹਿ ਸਕਦਾ ਹੈ। ਇਸ ਵਿੱਚ ਬਿਹਾਰ ਦੀ ਵਿਧਾਨ ਸਭਾ ਤੋਂ ਬਿਨਾਂ ਹੋਰ ਕਿਸੇ ਰਾਜ ਦੀ ਸਮੁੱਚੀ ਚੋਣ ਹੋਣ ਦੀ ਅਗੇਤੀ ਸੂਚਨਾ ਤਾਂ ਕੋਈ ਨਹੀਂ, ਅਚਾਨਕ ਕਿਸੇ ਥਾਂ ਸਿਆਸੀ ਸੰਕਟ ਕਾਰਨ ਹਾਲਾਤ ਚੋਣਾਂ ਵਾਲੇ ਬਣ ਜਾਣ ਤਾਂ ਗੱਲ ਵੱਖਰੀ ਹੋਵੇਗੀ। ਕਿਸੇ ਚੱਲਦੀ ਖੇਡ ਵਿੱਚ ਜਦੋਂ ਏਦਾਂ ਦਾ ਵਿਚਾਲੇ ਦਾ ਆਰਾਮ ਦਾ ਸਮਾਂ ਆਉਂਦਾ ਹੈ, ਓਦੋਂ ਸਿਆਸਤ ਆਪਣਾ ਦੂਸਰਾ ਰੰਗ ਵਿਖਾਇਆ ਕਰਦੀ ਹੈ।

ਹਰ ਕੋਈ ਜਾਣਦਾ ਹੈ ਕਿ ਜਦੋਂ ਬਜਟ ਦੀ ਪੇਸ਼ਕਾਰੀ ਹੁੰਦੀ ਹੈ, ਲੋਕ ਇਸ ਦੇ ਅਗੇਤੇ ਅੰਦਾਜ਼ੇ ਨਾਲ ਇਹ ਚਰਚਾ ਜ਼ਰੂਰ ਸੁਣਿਆ ਕਰਦੇ ਹਨ ਕਿ ਚੋਣਾਂ ਨੇੜੇ ਹੋਣ ਕਰ ਕੇ ਬਜਟ ਵਿੱਚ ਛੋਟਾਂ ਹੋਣਗੀਆਂ ਜਾਂ ਚੋਣਾਂ ਦਾ ਵਕਤ ਨੇੜੇ ਨਾ ਹੋਣ ਕਾਰਨ ਇਸ ਵਾਰ ਸਰਕਾਰ ਕੁਝ ਸਖਤ ਜਿਹਾ ਬਜਟ ਪੇਸ਼ ਕਰ ਸਕਦੀ ਹੈ। ਇਹ ਗੱਲ ਸੱਚ ਹੁੰਦੀ ਹੈ ਤੇ ਇਕੱਲੇ ਬਜਟ ਦਾ ਮਾਮਲਾ ਨਹੀਂ, ਜਿਹੜੀਆਂ ਗੱਲਾਂ ਆਮ ਹਾਲਾਤ ਵਿੱਚ ਕਿਸੇ ਸਰਕਾਰ ਦੀ ਸੋਚ ਦਾ ਹਿੱਸਾ ਹੋਣ ਤੇ ਡਰ ਹੋਵੇ ਕਿ ਇਨ੍ਹਾਂ ਨਾਲ ਉਸ ਰਾਜ ਜਾਂ ਦੇਸ਼ ਦਾ ਇੱਕ ਜਾਂ ਦੂਸਰਾ ਵਰਗਾ ਭੜਕ ਸਕਦਾ ਹੈ, ਉਨ੍ਹਾਂ ਵਿਚਾਰਾਂ ਨੂੰ ਲਾਗੂ ਕਰਨ ਤੋਂ ਸਰਕਾਰਾਂ ਸੰਕੋਚ ਕਰਦੀਆਂ ਹਨ, ਪਰ ਜੇ ਚੋਣਾਂ ਨੇੜੇ ਨਾ ਹੋਣ ਤਾਂ ਖੁੱਲ੍ਹਾ ਖੇਡਣ ਵੀ ਲੱਗ ਸਕਦੀਆਂ ਹਨ। ਇਸ ਸਾਲ ਵਿੱਚ ਚੋਣਾਂ ਦਾ ਬਹੁਤਾ ਝਮੇਲਾ ਨਾ ਹੋਣ ਕਾਰਨ ਦੇਸ਼ ਦੀ ਸਰਕਾਰ ਚਲਾ ਰਹੀ ਸਿਆਸੀ ਧਿਰ ਦੀ ਲੀਡਰਸ਼ਿਪ ਇਸ ਸਾਲ ਨੂੰ ਆਪਣਾ ਉਹ ਏਜੰਡਾ ਅੱਗੇ ਵਧਾਉਣ ਲਈ ਵਰਤ ਸਕਦੀ ਹੈ, ਜਿਹੜਾ ਉਸ ਨੇ ਕਦੀ ਬਹੁਤਾ ਲੁਕਾਇਆ ਨਹੀਂ, ਸਗੋਂ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵਰਗੇ ਆਗੂ ਨੇ ਵੀ ਕਹਿ ਦਿੱਤਾ ਸੀ ਕਿ ਬਹੁਮਤ ਆਏ ਤੋਂ ਲਾਗੂ ਕਰਾਂਗੇ। ਇਸ ਵਕਤ ਜਿਨ੍ਹਾਂ ਦੇ ਹੱਥਾਂ ਵਿੱਚ ਇਸ ਦੇਸ਼ ਦੀ ਕਮਾਨ ਹੈ, ਉਹ ਵਾਜਪਾਈ ਵਾਂਗ ਸੰਕੋਚ ਰੱਖ ਕੇ ਬੋਲਣ ਵਾਲੇ ਨਹੀਂ, ਜਿਸ ਗੱਲ ਨੂੰ ਬਾਕੀ ਲੋਕ ਉਨ੍ਹਾਂ ਉੱਤੇ ਹਮਲਾ ਕਰਨ ਲਈ ਵਰਤਣਾ ਚਾਹੁੰਦੇ ਹਨ, ਉਸ ਨੂੰ ਉਹ ਆਪਣਾ ਨਿਸ਼ਾਨਾ ਐਲਾਨ ਕਰਨ ਤੱਕ ਚਲੇ ਜਾਇਆ ਕਰਦੇ ਹਨ। ਮੌਜੂਦਾ ਸਾਲ ਉਨ੍ਹਾਂ ਦੇ ਏਦਾਂ ਕਰਨ ਲਈ ਚੋਖਾ ਢੁਕਵਾਂ ਰਹਿਣ ਵਾਲਾ ਹੈ।

ਅਸੀਂ ਪਿਛਲੇ ਸਾਲਾਂ ਵਿੱਚ ਬਹੁਤ ਸਾਰੇ ਥਾਂਈਂ ਸ਼ਹਿਰਾਂ ਜਾਂ ਰਾਹਾਂ ਦੇ ਤੇ ਸਰਕਾਰੀ ਸਕੀਮਾਂ ਦੇ ਨਾਂਅ ਬਦਲੇ ਵੇਖੇ ਹਨ ਅਤੇ ਇਸ ਵਾਰੀ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਹੁੰਦੇ ਸਾਰ ਫਿਰ ਕੁਝ ਏਦਾਂ ਦੀਆਂ ਸੁਰਾਂ ਸੁਣੀਆਂ ਹਨ। ਦਿੱਲੀ ਦੇ ਇੱਕ ਚੋਣ ਹਲਕੇ ਤੋਂ ਜਿਹੜਾ ਭਾਜਪਾ ਉਮੀਦਵਾਰ ਜਿੱਤਿਆ ਹੈ, ਉਸ ਨੇ ਇਹ ਕਹਿਣ ਵਿੱਚ ਦੇਰ ਨਹੀਂ ਲਾਈ ਕਿ ਇਸ ਹਲਕੇ ਦਾ ਨਾਂਅ ਵੀ ਬਦਲ ਕੇ ਇੱਕ ਦੇਵਤੇ ਦੇ ਨਾਂਅ ਨਾਲ ਜੋੜ ਦੇਣਾ ਹੈ, ਕਿਉਂਕਿ ਪੁਰਾਣਾ ਨਾਂਅ ਵਿਦੇਸ਼ ਤੋਂ ਭਾਰਤ ਉੱਤੇ ਹਮਲਾਵਰੀ ਕਰਨ ਆਏ ਅਤੇ ਕਬਜ਼ਾ ਕਰ ਕੇ ਬੈਠ ਜਾਣ ਵਾਲਿਆਂ ਦੀ ਯਾਦ ਦਿਵਾਉਂਦਾ ਹੈ। ਸਰਕਾਰਾਂ ਕੋਲ ਇਹ ਅਧਿਕਾਰ ਹੁੰਦਾ ਹੈ ਕਿ ਉਹ ਨਾਂਵਾਂ ਨੂੰ ਬਦਲਣ ਦਾ ਕੰਮ ਕਰ ਸਕਦੀਆਂ ਹਨ ਤੇ ਕਰਦੀਆਂ ਵੀ ਹਨ। ਉੱਤਰ ਪ੍ਰਦੇਸ਼ ਦੀ ਕਮਾਨ ਜਦੋਂ ਬਹੁਜਨ ਸਮਾਜ ਪਾਰਟੀ ਦੀ ਆਗੂ ਬੀਬੀ ਮਾਇਆਵਤੀ ਦੇ ਹੱਥ ਆਈ ਤਾਂ ਉਸ ਨੇ ਕਈ ਸ਼ਹਿਰਾਂ ਦੇ ਨਾਂਅ ਬਦਲ ਦਿੱਤੇ ਸਨ ਤੇ ਜਦੋਂ ਫਿਰ ਸਮਾਜਵਾਦੀ ਪਾਰਟੀ ਦੋਬਾਰਾ ਸੱਤਾ ਵਿੱਚ ਆ ਗਈ ਤਾਂ ਉਨ੍ਹਾਂ ਕਈ ਪੁਰਾਣੇ ਨਾਂਅ ਹੀ ਦੋਬਾਰਾ ਸ਼ੁਰੂ ਕਰ ਦਿੱਤੇ ਸਨ। ਨਾਂਅ ਬਦਲਣ ਦਾ ਕੰਮ ਦੁਨੀਆ ਭਰ ਵਿੱਚ ਵੱਖ-ਵੱਖ ਆਗੂ ਕਰਦੇ ਰਹਿੰਦੇ ਹਨ। ਪਿਛਲੇ ਮਹੀਨੇ ਅਮਰੀਕਾ ਦੀ ਦੂਸਰੀ ਵਾਰ ਕਮਾਨ ਸਾਂਭਣ ਦੇ ਬਾਅਦ ਡੋਨਾਲਡ ਟਰੰਪ ਨੇ ਵੀ 'ਗਲਫ ਆਫ ਮੈਕਸੀਕੋ' ਦਾ ਨਾਂਅ ਬਦਲ ਕੇ 'ਗਲਫ ਆਫ ਅਮੈਰਿਕਾ' ਰੱਖਣ ਦਾ ਐਲਾਨ ਕਰ ਦਿੱਤਾ ਹੈ ਅਤੇ ਬਾਕੀ ਦੁਨੀਆ ਇਸ ਨੂੰ ਲਾਗੂ ਕਰਨ ਵਾਸਤੇ ਬੇਸ਼ੱਕ ਤਿਆਰ ਨਾ ਹੋਵੇ, ਟਰੰਪ ਨੇ ਅਮਰੀਕਾ ਵਿੱਚ ਲਾਗੂ ਕਰਾਉਣ ਲਈ ਮੁੱਢ ਬੰਨ੍ਹ ਦਿੱਤਾ ਹੈ। ਸੰਸਾਰ ਭਰ ਵਿੱਚ ਵੱਡਾ ਨਾਂਅ ਰੱਖਦੀ ਇੱਕ ਖਬਰ ਏਜੰਸੀ ਦੇ ਪੱਤਰਕਾਰ ਨੂੰ ਪਿਛਲੇ ਦਿਨੀਂ ਟਰੰਪ ਦੀ ਟੀਮ ਨੇ ਰਾਸ਼ਟਰਪਤੀ ਦਫਤਰ ਵਿੱਚ ਜਾਣ ਤੋਂ ਇਸ ਲਈ ਰੋਕ ਦਿੱਤਾ ਕਿ ਉਸ ਏਜੰਸੀ ਨੇ ਆਪਣੀ ਰਿਪੋਰਟ ਵਿੱਚ ਪੁਰਾਣਾ ਨਾਂਅ ਵਰਤਿਆ ਸੀ। ਇਹੋ ਜਿਹੀ ਸਖਤੀ ਨਾਲ ਆਪਣੀ ਸੋਚ ਦੂਸਰਿਆਂ ਤੋਂ ਜ਼ਬਰਦਸਤੀ ਲਾਗੂ ਕਰਵਾਉਣ ਦਾ ਕੰਮ ਬਾਕੀ ਦੇਸ਼ਾਂ ਵਾਂਗ, ਸਗੋਂ ਉਨ੍ਹਾਂ ਤੋਂ ਚੋਖਾ ਵੱਧ ਭਾਰਤ ਵਿੱਚ ਵੀ ਹੁੰਦਾ ਹੈ ਅਤੇ ਅਜੋਕੀ ਸਰਕਾਰ ਤਾਂ ਇਸ ਕੰਮ ਲਈ ਬਾਕੀਆਂ ਤੋਂ ਵੱਧ ਚਰਚਿਤ ਹੈ।

ਦੂਸਰਾ ਮਾਮਲਾ ਕਿਸੇ ਖਾਸ ਧਰਮ ਦੀ ਚੜ੍ਹਤ ਲਈ ਸਿਆਸੀ ਪੈਂਤੜੇ ਤੇ ਇਸ ਦੀ ਲੋੜ ਲਈ ਕਿਸੇ ਹੋਰ ਧਰਮ ਖਿਲਾਫ ਆਮ ਲੋਕਾਂ ਨੂੰ ਉਕਸਾਉਣ ਦਾ ਹੈ ਅਤੇ ਇਹੋ ਜਿਹਾ ਕੰਮ ਆਮ ਹੁੰਦਾ ਹੈ। ਆਜ਼ਾਦੀ ਤੋਂ ਬਾਅਦ ਦੇ ਸਾਲਾਂ ਵਿੱਚ ਇਹ ਕੁਝ ਹੁੰਦਾ ਅਸੀਂ ਲੋਕਾਂ ਨੇ ਕਈ ਵਾਰ ਵੇਖਿਆ, ਕਈ ਵਾਰ ਭੁਗਤਿਆ ਹੋਇਆ ਹੈ ਅਤੇ ਅੱਗੋਂ ਫਿਰ ਇਸ ਚੋਣ ਜਿਤਾਊ ਫਾਰਮੂਲੇ ਉੱਤੇ ਅਮਲ ਵਾਲੀਆਂ ਕਨਸੋਆਂ ਸੁਣੀਆਂ ਜਾਣ ਲੱਗੀਆਂ ਹਨ। ਕਿਸੇ ਵੀ ਰਾਜ ਦੇ ਲੋਕਾਂ ਨੂੰ ਰੁਜ਼ਗਾਰ ਮਿਲਣ ਦਾ ਨਾਅਰਾ ਓਨਾ ਖਿੱਚ ਪਾਉਣ ਵਾਲਾ ਸਾਬਤ ਨਹੀਂ ਹੁੰਦਾ, ਜਿੰਨਾ ਉਨ੍ਹਾਂ ਦੇ ਧਰਮ ਨੂੰ ਖਤਰੇ ਵਿਰੁੱਧ ਉੱਠ ਖੜੋਣ ਵਾਸਤੇ ਦਿੱਤਾ ਸੱਦਾ ਕਾਰਗਰ ਸਾਬਤ ਹੋ ਜਾਂਦਾ ਹੈ। ਕਈ ਵਾਰੀ ਇਸ ਤਰ੍ਹਾਂ ਦੇ ਅਮਲ ਵਿੱਚੋਂ ਗੁਜ਼ਰ ਚੁੱਕਾ ਭਾਰਤ ਚੋਣਾਂ ਕਰਾਉਣ ਦੀ ਕੋਈ ਨਵੀਂ ਮਜਬੂਰੀ ਖਾਸ ਨੇੜੇ ਨਾ ਹੋਣ ਕਾਰਨ ਇੱਕ ਵਾਰੀ ਫਿਰ ਅੱਗ ਵਾਲਾ ਇਹ ਸਮੁੰਦਰ ਤਰ ਕੇ ਪਾਰ ਕਰਨ ਲਈ ਉਕਸਾਇਆ ਜਾ ਸਕਦਾ ਹੈ। ਜਦੋਂ ਤੱਕ ਅਗਲੀ ਕੋਈ ਚੋਣ ਆਵੇਗੀ, ਓਦੋਂ ਤੱਕ ਮਚਦੀ ਅੱਗ ਬੁੱਝ ਚੁੱਕਣ ਦੇ ਬਾਵਜੂਦ ਸਿਆਸਤ ਦੇ ਪਰੌਂਠੇ ਸੇਕਣ ਜੋਗਾ ਸੇਕ ਦੇਂਦੀ ਰਹਿ ਸਕਦੀ ਹੈ ਅਤੇ ਇੱਕ ਜਾਂ ਦੂਸਰੇ ਹਲਕੇ ਜਾਂ ਸ਼ਹਿਰ ਦਾ ਨਾਂਅ ਬਦਲਣ ਦੀਆਂ ਚੋਭਾਂ ਨਾਲ ਇਸ ਲਈ ਹਾਲਾਤ ਪੈਦਾ ਕਰਨ ਦਾ ਮੁੱਢਲਾ ਕੰਮ ਆਰੰਭ ਹੋ ਚੁੱਕਾ ਜਾਪਦਾ ਹੈ।

ਸਾਨੂੰ ਪੰਜਾਬ ਦੇ ਲੋਕਾਂ ਨੂੰ ਵੀ ਇਸ ਤਰ੍ਹਾਂ ਦੇ ਹਾਲਾਤ ਬਣਨ ਜਾਂ ਜ਼ੋਰ ਨਾਲ ਬਣਾਏ ਜਾਣ ਦੀਆਂ ਕੋਸ਼ਿਸ਼ਾਂ ਦੇ ਪੱਖੋਂ ਸੁਚੇਤ ਰਹਿਣ ਦੀ ਲੋੜ ਹੈ। ਏਥੇ ਕਈ ਸਾਲ ਲੋਕਾਂ ਨੂੰ ਇੱਕ ਖਾਸ ਡੇਰੇ ਵਾਲੇ ਮੁੱਦੇ ਉੱਤੇ ਜਜ਼ਬਾਤੀ ਕਰ ਕੇ ਚੋਣਾਂ ਲੜਨ ਤੇ ਜਿੱਤਣ ਵਾਲੀ ਸ਼ਤਰੰਜ ਦੇ ਪਿਆਦੇ ਬਣਾ ਕੇ ਵਰਤਿਆ ਜਾਂਦਾ ਰਿਹਾ ਹੈ, ਪਰ ਨਾਲ ਦੀ ਨਾਲ ਹੀ ਕਿਸੇ ਹੋਰ ਧਰਮ ਦੀ ਚੜ੍ਹਤ ਕਾਰਨ ਇੱਕ ਜਾਂ ਦੂਸਰਾ ਧਰਮ ਖਤਰੇ ਵਿੱਚ ਹੋਣ ਦੀ ਦੁਹਾਈ ਦਿੱਤੀ ਜਾਂਦੀ ਸੁਣਦੀ ਰਹੀ ਹੈ। ਕਮਾਲ ਦੀ ਗੱਲ ਹੈ ਕਿ ਜਿਹੜੇ ਆਗੂ ਏਦਾਂ ਦੀ ਦੁਹਾਈ ਖੁਦ ਦੇਣ ਦੀ ਥਾਂ ਆਪਣੇ ਖਾਸ ਏਲਚੀਆਂ ਰਾਹੀਂ ਦਿਵਾਉਣ ਦਾ ਕੰਮ ਕਰਦੇ ਹਨ, ਉਹ ਚੋਣਾਂ ਨੇੜੇ ਵੇਖ ਕੇ ਓਸੇ ਧਰਮ ਦੇ ਆਸਥਾ ਕੇਂਦਰਾਂ ਵਿੱਚ ਹਾਜ਼ਰੀਆਂ ਭਰਨ ਪਹੁੰਚਦੇ ਦਿਖਾਈ ਦੇਂਦੇ ਅਤੇ ਸਾਰਿਆਂ ਧਰਮਾਂ ਦੇ ਲੋਕਾਂ ਨੂੰ ਮਿਲਜੁਲ ਕੇ ਰਹਿਣ ਦਾ ਉਪਦੇਸ਼ ਦੇਣ ਲੱਗਦੇ ਹਨ। ਏਦਾਂ ਦੇ ਉਪਦੇਸ਼ ਦੇਣ ਦੀ ਲੋੜ ਪੈਦਾ ਕਰਨ ਲਈ ਪਹਿਲਾਂ ਹਾਲਾਤ ਬਣਾਉਣੇ ਪੈਂਦੇ ਹਨ, ਵਰਨਾ ਕੋਈ ਖਿਚਾਅ ਜਾਂ ਟਕਰਾਅ ਨਾ ਹੋਵੇ ਤਾਂ ਸਰਬ-ਸਾਂਝੇ ਬਣ ਕੇ ਵੋਟਰਾਂ ਅੱਗੇ ਝੋਲੀ ਫੈਲਾਉਣ ਦਾ ਕੋਈ ਲਾਭ ਹੀ ਨਹੀਂ ਹੋ ਸਕਦਾ। ਸਿਆਸਤ ਆਪਣੇ ਹਿੱਤਾਂ ਖਾਤਰ ਦੰਗੇ ਕਰਵਾਉਣ ਤੇ ਖੁਦ ਹੀ ਮਚਾਈ ਹੋਈ ਅੱਗ ਬੁਝਾਉਣ ਲਈ ਫਾਇਰ ਬ੍ਰਿਗੇਡ ਦਾ ਕੰਮ ਕਰਨ ਦੀ ਮੁਹਤਾਜ ਬਣਾ ਕੇ ਚਲਾਈ ਜਾਂਦੀ ਹੈ।

ਅਸੀਂ ਇਹ ਗੱਲ ਭੁੱਲ ਜਾਈਏ ਕਿ ਇਸ ਸਾਲ ਬਿਹਾਰ ਤੋਂ ਬਿਨਾਂ ਕਿਸੇ ਹੋਰ ਰਾਜ ਦੀ ਕੋਈ ਵੱਡੀ ਚੋਣ ਨਹੀਂ ਹੋਣ ਵਾਲੀ, ਇਹ ਯਾਦ ਰੱਖੀਏ ਕਿ ਪੰਜਾਬ ਵਿੱਚ ਵੀ ਇਸ ਸਾਲ ਕੋਈ ਵੱਡੀ ਚੋਣ ਨਹੀਂ ਹੋਣੀ ਅਤੇ ਅਗਲੀ ਵਿਧਾਨ ਸਭਾ ਚੋਣ ਲਈ ਮਸਾਂ ਢਾਈ ਸਾਲ ਦਾ ਸਮਾਂ ਬਾਕੀ ਰਹਿੰਦਾ ਹੈ। ਏਥੇ ਇਹ ਪ੍ਰਚਾਰ ਬਹੁਤ ਤੇਜ਼ੀ ਨਾਲ ਚੱਲ ਰਿਹਾ ਹੈ ਕਿ ਕੁਝ ਖਾਸ ਕਿਸਮ ਦੀਆਂ ਜਥੇਬੰਦੀਆਂ ਧਰਮ ਤਬਦੀਲੀ ਦੀ ਮੁਹਿੰਮ ਚਲਾ ਰਹੀਆਂ ਹਨ ਤੇ ਇਸ ਤਰ੍ਹਾਂ ਦਾ ਪ੍ਰਚਾਰ ਕਰਨ ਵਾਲੇ ਖਾਸ ਵਰਗ ਦੀ ਰਾਜਨੀਤੀ ਕਰਨ ਵਾਲੇ ਆਗੂ ਖੁਦ ਉਨ੍ਹਾਂ ਜਥੇਬੰਦੀਆਂ ਦੇ ਧਾਰਮਕ ਆਗੂਆਂ ਨੂੰ ਮਿਲਦੇ ਵੀ ਰਹਿੰਦੇ ਹਨ ਅਤੇ ਕਈ ਵਾਰੀ ਆਪਣੇ ਸਮਾਗਮਾਂ ਵਿੱਚ ਉਨ੍ਹਾਂ ਨੂੰ ਸੱਦਦੇ ਜਾਂ ਉਨ੍ਹਾਂ ਦੇ ਸਮਾਗਮਾਂ ਵਿੱਚ ਚਲੇ ਵੀ ਜਾਂਦੇ ਹਨ। ਅਗਲੀਆਂ ਚੋਣਾਂ ਤੋਂ ਪਹਿਲਾਂ ਇਸ ਵਾਰੀ ਇਹ ਮੁੱਦਾ ਜਾਂ ਏਦਾਂ ਦਾ ਕੋਈ ਹੋਰ ਮੁੱਦਾ ਚੁਣ ਕੇ ਉਛਾਲਿਆ ਜਾ ਸਕਦਾ ਹੈ ਅਤੇ ਪੰਜਾਬ ਜਿੱਦਾਂ ਦੇ ਵਕਤ ਵਿੱਚੋਂ ਗੁਜ਼ਰ ਰਿਹਾ ਹੈ, ਓਥੇ ਇਹੋ ਜਿਹਾ ਮੁੱਦਾ ਚੁੱਕਣ ਦੀ ਸਿਆਸੀ ਲੋੜ ਹੀ ਨਹੀਂ, ਹਾਲਾਤ ਵੀ ਬਣਨ ਵਾਲੀ ਹਵਾ ਮਹਿਸੂਸ ਕੀਤੀ ਜਾ ਸਕਦੀ ਹੈ। ਉਂਜ ਧਰਮ ਤਬਦੀਲੀ ਦੀ ਗੱਲ ਰੱਦ ਨਹੀਂ ਕੀਤੀ ਜਾ ਸਕਦੀ ਤੇ ਅਸਲ ਗੱਲ ਇਹ ਹੈ ਕਿ ਦੁਨੀਆ ਭਰ ਦੇ ਸਾਰੇ ਧਰਮਾਂ ਦੇ ਪੈਰੋਕਾਰਾਂ ਤੇ ਪ੍ਰਚਾਰਕਾਂ ਵੱਲੋਂ ਇਹ ਕੋਸ਼ਿਸ਼ ਕੀਤੀ ਜਾਂਦੀ ਰਹਿੰਦੀ ਹੈ ਕਿ ਦੂਸਰੇ ਕਿਸੇ ਵੀ ਧਰਮ ਦਾ ਕੋਈ ਵਿਅਕਤੀ ਛੱਡ ਕੇ ਏਧਰ ਆ ਸਕਦਾ ਹੋਵੇ ਤਾਂ ਉਸ ਨੂੰ ਲਿਆਂਦਾ ਜਾਵੇ ਤੇ ਨਾਲ ਇਹ ਕੋਸ਼ਿਸ਼ ਰਹਿੰਦੀ ਹੈ ਕਿ ਸਾਡੇ ਧਰਮ ਦਾ ਕੋਈ ਵਿਅਕਤੀ ਛੱਡ ਕੇ ਕਿਸੇ ਹੋਰ ਧਰਮ ਵੱਲ ਨਾ ਜਾਵੇ। ਗਰੀਬੀ ਤੇ ਅਨੇਕਾਂ ਕਿਸਮ ਦੀਆਂ ਔਕੜਾਂ ਤੇ ਮਾਨਸਿਕ ਮੁਸ਼ਕਲਾਂ ਵਿੱਚ ਫਸੇ ਹੋਏ ਲੋਕ ਜਿੱਥੋਂ ਕੋਈ ਆਸ ਦੀ ਕਿਰਨ ਦਿਖਾਈ ਦੇ ਰਹੀ ਹੋਵੇ, ਉਸ ਪਾਸੇ ਜਾਣ ਲਈ ਤਿਆਰ ਹੋ ਜਾਂਦੇ ਹਨ। ਸਾਡੇ ਨਾਲ ਕੋਈ ਹੋਰ ਮਿਲਦਾ ਹੋਵੇ ਤਾਂ ਸਵਾਗਤ ਕਰਨ ਲੱਗਦੇ ਹਾਂ ਅਤੇ ਕੋਈ ਛੱਡ ਜਾਵੇ ਤਾਂ ਤੂਫਾਨ ਸਿਰ ਉੱਤੇ ਚੁੱਕ ਲਿਆ ਜਾਂਦਾ ਹੈ। ਇਸ ਵਰਤਾਰੇ ਨੂੰ ਤੇ ਇਸ ਨਾਲ ਆਮ ਲੋਕਾਂ ਦੀ ਮਾਨਸਿਕਤਾ ਨੂੰ ਵਰਤਣਾ

16-Feb-Sunday.qxd 2/15/2025 10:56 PM Page 4

ਮਨੁੱਖੀ ਸੁਭਾਅ ਦੀਆਂ ਪਰਤਾਂ ਦਾ ਬਿਰਤਾਂਤ

ਚੋਕ ਸ

ਚਰਚਾ ਇਕ ਪੁਸਤਕ ਦੀ

ਭਗਵੰਤ ਰਸੂਲਪੁਰੀ

ਨਗਰ-ਮਹਾਂਨਗਰ

ਬਲਦੇਵ ਸਿੰਘ
ਮੁੱਲ-350, ਪੰਨੇ-211 ਰੁਪਏ
ਲੋਕਗੀਤ ਪ੍ਰਕਾਸ਼ਨ, ਮੁਹਾਲੀ

ਬਲਦੇਵ ਸਿੰਘ ਦੀਆਂ ਲਿਖਤਾਂ ਦੇ ਪਸਾਰ ਅਨੇਕਾਂ ਹਨ। ਉਸ ਨੇ ਲਿਖਣਾ ਕਹਾਣੀ ਤੋਂ ਆਰੰਭ ਕੀਤਾ। 'ਸੜਕਨਾਮਾ' ਲਿਖਤ ਨਾਲ ਉਹ ਪ੍ਰਸਿੱਧ ਹੋ ਗਿਆ ਤੇ ਜਦੋਂ ਨਾਵਲ ਲਿਖਣ ਲੱਗਾ ਉਦੋਂ ਬਤੌਰ ਨਾਵਲਕਾਰ ਉਹਦੀ ਪਛਾਣ ਗੂੜ੍ਹੀ ਹੁੰਦੀ ਗਈ। ਵਿਚ-ਵਿਚ ਸਾਹ ਲੈਣ ਲਈ ਬਲਦੇਵ ਸਿੰਘ ਨੇ ਸਵੈ-ਪ੍ਰਸੰਗਾਂ ਵਾਲੇ ਕਾਲਮ ਵੀ ਲਿਖੇ, ਉਨ੍ਹਾਂ ਪ੍ਰਸੰਗਾਂ ਨੂੰ ਹੀ ਇਸ ਪੁਸਤਕ 'ਨਗਰ-ਮਹਾਂਨਗਰ' ਦੇ ਰੂਪ ਵਿੱਚ ਤਰਤੀਬ ਦਿੱਤੀ ਹੈ। ਇਸੇ ਨਾਂਅ ਹੇਠ ਉਹ ਆਪਣਾ ਕਾਲਮ ਲਿਖਦਾ ਰਿਹਾ ਹੈ। ਇਸੇ ਕਰਕੇ ਹਰ ਲੇਖ ਨਿਸਚਿਤ ਅਕਾਰ ਵਿੱਚ ਫੈਲਦਾ ਹੈ, ਜਿਸ ਕਾਰਨ ਕਈ ਲੇਖਾਂ ਵਿੱਚ ਬਿਰਤਾਂਤ ਲਮਕ ਜਾਂਦਾ ਹੈ ਤੇ ਕਈ ਲੇਖਾਂ ਵਿੱਚ ਬਿਰਤਾਂਤ ਸੁੰਗੜ ਜਾਂਦਾ ਹੈ। ਕੁਝ ਲੇਖਾਂ ਨੂੰ ਪੜ੍ਹ ਕੇ ਲੱਗਦਾ ਕਿ ਲੇਖਕ ਨੇ ਇਹ ਗੱਲਾਂ 'ਸੜਕਨਾਮਾ' ਵਿੱਚ ਕਹਿ ਦਿੱਤੀਆਂ ਹਨ, ਪਰ ਮੌਕੇ ਮੁਤਾਬਕ ਘਟਨਾ ਨੂੰ ਨਵੀਂ ਸ਼ਕਲ ਦੇ ਕੇ ਨਵਾਂਪਨ ਲੈ ਆਉਂਦਾ ਹੈ।

ਇਨ੍ਹਾਂ ਲੇਖਾਂ ਵਿੱਚ ਲੇਖਕ ਨਿੱਜੀ ਜੀਵਨ 'ਚ ਘਟੀਆਂ ਘਟਨਾਵਾਂ 'ਚੋਂ ਬਿਰਤਾਂਤ ਲੈ ਕੇ ਆਪਣੀ ਦ੍ਰਿਸ਼ਟੀ ਨਾਲ ਉਸਾਰਦਾ ਹੈ ਤੇ ਵਾਰਤਾਲਾਪੀ ਸ਼ੈਲੀ ਰਾਹੀਂ ਆਪਣੀ ਗੱਲ ਕਹਿ ਜਾਂਦਾ ਹੈ। ਇਨ੍ਹਾਂ ਘਟਨਾਵਾਂ ਦਾ ਬਿਰਤਾਂਤ ਕਲਕੱਤਾ ਵਰਗੇ ਮਹਾਂਨਗਰ 'ਚ ਘਟਦਾ ਹੈ ਜਿੱਥੇ ਲੇਖਕ ਤਕਰੀਬਨ 20 ਸਾਲ ਰਿਹਾ ਹੈ। ਕਈ ਲੇਖਾਂ ਵਿੱਚ ਉਹ ਤੁਲਨਾਤਮਿਕ ਘਟਨਾਵਾਂ ਉਸਾਰ ਕੇ ਮਾੜੇ ਤੇ ਨਾਂਹ-ਪੱਖੀ ਰੁਝਾਨ ਦਾ ਬਿਰਤਾਂਤ ਲਿਖ ਕੇ ਇਕ ਲੋਕ ਪੱਖੀ ਸੇਧ ਦੇਣ ਵਾਲਾ ਬਿਰਤਾਂਤ ਸਿਰਜਦਾ ਹੈ। ਜਿਹੜਾ ਬਿਰਤਾਂਤ ਸਮਾਜ ਤੇ ਮਨੁੱਖ ਨੂੰ ਕੋਈ ਸੇਧ ਦਿੰਦਾ ਹੈ। ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਲੱਗਦਾ ਹੈ ਲੇਖਕ ਕੋਲ ਅਨੁਭਵ ਦਾ ਬੇਅੰਤ ਖ਼ਜ਼ਾਨਾ ਹੈ। ਲੇਖਾਂ ਦੀਆਂ ਬਹੁਤੀਆਂ ਘਟਨਾਵਾਂ ਡਰਾਈਵਰੀ ਜ਼ਿੰਦਗੀ ਦੀਆਂ ਹੋਣ ਕਰਕੇ ਤਰ੍ਹਾਂ-ਤਰ੍ਹਾਂ ਦੇ ਲੋਕਾਂ ਦੇ ਚਰਿੱਤਰ ਦੀ ਉਸਾਰੀ ਹੋਈ ਮਿਲਦੀ ਹੈ। ਬਹੁਤੇ ਲੇਖਾਂ ਵਿੱਚ ਲੇਖਕ ਆਪਣੇ ਆਪ ਨੂੰ ਇਕ ਨਾਇਕ ਦੇ ਰੂਪ ਵਿੱਚ ਵੀ ਪੇਸ਼ ਕਰਦਾ ਹੈ। ਕਲਕੱਤਾ ਦੇ ਨਾਲ-ਨਾਲ ਲੇਖਕ ਕਿਸਾਨ ਅੰਦੋਲਨ ਦੇ ਦ੍ਰਿਸ਼ ਤੇ ਬਿਰਤਾਂਤ ਵੀ ਲੇਖਾਂ ਵਿੱਚ ਸਿਰਜਦਾ ਹੋਇਆ ਕਿਸਾਨੀ ਦੀ ਸੱਤਾ ਨਾਲ ਟੱਕਰ ਨੂੰ ਬਿਆਨ ਕਰਦਾ ਹੈ। ਇਨ੍ਹਾਂ ਲੇਖਾਂ ਦਾ ਇਕ ਹੋਰ ਪਸਾਰ ਪਰਵਾਸੀ ਲੋਕਾਂ ਦੀਆਂ ਮੁਸ਼ਕਲਾਂ ਵੀ ਰਹਿੰਦਾ ਹੈ। ਉਹ ਪਰਵਾਸੀ ਚਾਹੇ ਪੰਜਾਹ ਤੋਂ ਪਰਵਾਸ ਕਰ ਗਏ ਹੋਣ ਜਾਂ ਪੰਜਾਬ ਵਿੱਚ ਪਰਵਾਸ ਕਰ ਗਏ ਹੋਣ। ਪਰਵਾਸੀ ਅਤੇ ਪੰਜਾਬੀ ਮੁੰਡੇ ਦਾ ਤੁਲਨਾਤਮਿਕ ਅਧਿਐਨ ਵੀ ਕਰਦਾ ਹੈ। ਕਿਤੇ-ਕਿਤੇ ਉਹ ਸਾਹਿਤ ਦੀ ਮਾਰਕੀਟਿੰਗ ਬਾਰੇ ਵੀ ਗੱਲਾਂ ਕਰਦਾ ਹੈ। ਅੱਜ ਦੇ ਦੌਰ ਵਿੱਚ ਕੇਵਲ ਲਿਖ ਕੇ ਨਾਂਅ ਨਹੀਂ ਬਣਦਾ। ਕਿਤਾਬ ਦੇ ਅੰਤਲੇ ਲੇਖ ਪੰਜਾਬ ਦੇ ਸਮਕਾਲੀ ਵਰਤਾਰਿਆਂ ਬਾਰੇ ਹਨ। ਬਲਦੇਵ ਸਿੰਘ ਨੇ ਹਰ ਲੇਖ ਵਿੱਚ ਸੰਵਾਦੀ ਜੁਗਤ ਨਾਲ ਆਪਣੀ ਗੱਲ ਕੀਤੀ ਹੈ। ਇਕ ਥਾਂ ਲੇਖਕ ਲਾਹੌਰ ਦੇ ਸ਼ਾਦਮਾਨ ਚੌਂਕ ਦੇ ਪ੍ਰਸੰਗ ਵਿੱਚ ਭਗਤ ਸਿੰਘ ਦੀ ਸੋਚ ਤੇ ਵਿਚਾਰਧਾਰਾ ਬਾਰੇ ਗੱਲ ਕਰਦਾ ਹੈ। ਇਸ ਚੌਂਕ ਦਾ ਨਾਂਅ ਸ਼ਹੀਦ ਭਗਤ ਸਿੰਘ ਚੌਂਕ ਹੋਣ ਦਾ ਪ੍ਰਸੰਗ ਹੈ। ਅਸਲ ਵਿੱਚ ਲੇਖਕ ਕਹਿਣਾ ਚਾਹੁੰਦਾ ਹੈ ਕਿ ਉਹਦੀ ਫੋਟੋ ਤੇ ਨਾਅਰਿਆਂ ਨੂੰ ਮੰਡੀ ਦੀ ਵਸਤੂ ਬਣਾ ਦਿੱਤਾ ਗਿਆ ਹੈ। ਟ੍ਰਾਂਸਪੋਰਟ ਅਤੇ ਭ੍ਰਿਸ਼ਟ ਤੰਤਰ ਦੀ ਚੱਕੀ ਵਿੱਚ ਪਿਸਦੇ ਲੋਕਾਂ ਦੀ ਬਾਂਹ ਫੜਨ ਵਾਲਾ ਜਾਂ ਸਹਾਇਤਾ ਕਰਨ ਵਾਲਾ ਬੰਦਾ ਰਗੜਿਆ ਵੀ ਜਾਂਦਾ ਹੈ। ਲੇਖਕ ਕਾਰ ਅਤੇ ਟਰੱਕ ਦੀ ਡਰਾਇਵਰੀ ਕਰਦਿਆਂ ਹੋਇਆਂ ਦੇ ਅਨੁਭਵ ਬਿਆਨ ਕਰਦਿਆਂ ਮਹਾਂਨਗਰਾਂ ਦੀ ਤਸਵੀਰ ਬਿਆਨ ਕਰ ਜਾਂਦਾ ਹੈ। ਕਲਕੱਤਾ ਵਿੱਚ ਲੇਖਕ ਖੁਦ ਕਾਰ ਤੇ ਟਰੱਕ ਦੀ ਡਰਾਇਵਰੀ ਕਰਦਾ ਰਿਹਾ ਹੋਣ ਕਰਕੇ ਉਹਦੇ ਕੋਲ ਫਸਟਹੈਂਡ ਅਨੁਭਵਾਂ ਦਾ ਭੰਡਾਰ ਹੈ। ਲੇਖਕ ਸੜਕਾਂ ਤੇ ਕਾਰਾਂ-ਟਰੱਕਾਂ ਦੀਆਂ ਗੱਲਾਂ ਕਰਦਾ ਹੋਇਆ ਉਸ ਦਾ ਇਤਿਹਾਸ ਵੀ ਦੱਸ ਜਾਂਦਾ ਹੈ। ਤਰ੍ਹਾਂ-ਤਰ੍ਹਾਂ ਦੇ ਲੋਕਾਂ ਨਾਲ ਕਲਕੱਤਾ ਵਿੱਚ ਵਿਚਰਦਾ ਹੋਇਆ ਲੇਖਕ ਸਥਾਨਕ ਬੋਲੀਆਂ ਦੇ ਵਖਰੇਵੇਂ ਤੇ ਅਰਥਾਂ ਦੇ ਅਨਰਥ ਕਿਵੇਂ ਬਣ ਜਾਂਦੇ ਹਨ, ਦਾ ਬਿਰਤਾਂਤ ਕਈ ਲੇਖਾਂ ਵਿੱਚ ਮਿਲ ਜਾਂਦਾ ਹੈ। ਵਾਰ-ਵਾਰ ਅਜਿਹੇ ਪ੍ਰਸੰਗ ਜਦੋਂ ਆਉਂਦੇ ਹਨ ਤਾਂ ਦੁਹਰਾਓ ਵੀ ਰੜਕਣ ਲੱਗ ਜਾਂਦਾ ਹੈ। ਡਰਾਇਵਰੀ ਦੇ ਧੰਦੇ ਦਾ ਜ਼ਿਕਰ ਕਰਦਾ ਹੋਇਆ ਲੇਖਕ ਕਹਿੰਦਾ ਹੈ ਕਿ ਵਿਕਾਸ ਨੇ ਕਈ ਕੁਝ ਬਦਲ ਦਿੱਤਾ ਹੈ। ਰੋਡ, ਡਰਾਇਵਰੀ ਦਾ ਧੰਦਾ ਬਿਲਕੁਲ ਬਦਲ ਗਿਆ ਹੈ। ਲੇਖਕ ਕਹਿੰਦਾ ਹੈ ਜੋ ਰਿਕਸ਼ਾ ਖਿੱਚਦੈ, ਅੱਗੇ ਉਹਦਾ ਮੁੰਡਾ ਵੀ ਰਿਕਸ਼ਾ ਖਿਚਦੈ ਹੈ। ਪੀੜ੍ਹੀਆਂ ਦੇ ਬਦਲਣ ਨਾਲ ਕਿੱਤਾ ਨਹੀਂ ਬਦਲਦਾ। ਸਮਕਾਲੀ ਦੌਰ ਵਿੱਚ ਲੇਖਕ ਕਹਿੰਦਾ ਹੈ ਕਿ ਕਲਕੱਤਾ ਹੁਣ ਨਵੇਂ ਡਰਾਇਵਰੀ ਖੁਣੋਂ ਖਾਲੀ ਹੋ ਰਿਹਾ ਹੈ। ਕਲਕੱਤੇ ਵਿੱਚ ਟੈਕਸੀ ਚਲਾਉਂਦਿਆਂ ਲੇਖਕ ਨੂੰ ਤਰ੍ਹਾਂ-ਤਰ੍ਹਾਂ ਦੇ ਅਨੁਭਵ ਹੁੰਦੇ ਹਨ। ਇਕ ਵਾਰ ਤਾਂ ਉਹਦੀ ਟੈਕਸੀ ਵਿੱਚ ਬੱਚੇ ਦਾ ਵੀ ਜਨਮ ਹੋ ਜਾਂਦਾ ਹੈ। ਲੇਖਕ ਆਪਣੇ ਕੁਝ ਲੇਖਾਂ ਵਿੱਚ ਕਹਿੰਦਾ ਹੈ ਕਿ ਧੰਦੇ ਵਾਲੀਆਂ ਔਰਤਾਂ ਬੜੀਆਂ ਅਸੂਲੀ ਹੁੰਦੀਆਂ ਹਨ। ਦੂਜੇ ਪਾਸੇ ਜੇਬੋਂ ਖਾਲੀ ਟੈਕਸੀ ਵਿੱਚ ਸਫ਼ਰ ਕਰਨ ਵਾਲੀਆਂ ਕੁੜੀਆਂ ਦੇ ਬਿਰਤਾਂਤ ਰਾਹੀਂ ਉਹ ਆਧੁਨਿਕ ਨਾਰੀ ਦੀ ਦਸ਼ਾ ਵੀ ਬਿਆਨ ਕਰਦਾ ਹੈ।

ਹੇਠਾਂ ਕੁਝ ਲੇਖਾਂ ਦੇ ਹਵਾਲੇ ਨਾਲ ਅਸੀਂ ਲੇਖਕ ਦੀ ਦ੍ਰਿਸ਼ਟੀ, ਵਿਸ਼ਿਆਂ ਦੀ ਚੋਣ ਬਾਰੇ ਸਮਝ ਸਕਦੇ ਹਾਂ। 'ਬਾਸ਼ਾ ਸਾਧ ਅਤੇ ਮਾਲਾ' ਲੇਖ ਵਿੱਚ ਲੇਖਕ ਧਾਰਮਿਕ ਅਡੰਬਰਾਂ 'ਤੇ ਟਕੋਰ ਕਰਦਾ ਹੈ। ਬਾਸ਼ਾ ਟਰੱਕ ਡਰਾਇਵਰ ਹੈ, ਜੋ ਸਾਧੂ ਦੀ ਭਗਤੀ ਦੇ ਪ੍ਰਵਚਨ 'ਤੇ ਕਿੰਤੂ ਕਰਦਾ ਹੈ। 'ਜਨ ਸੇਵਕਾਂ ਦੇ ਰੂਪ' ਵਿੱਚ ਲੇਖਕ ਪੰਜਾਬ ਦੇ ਲੀਡਰਾਂ ਤੇ ਬੰਗਾਲ ਦੇ ਲੀਡਰਾਂ ਦਾ ਬਿਰਤਾਂਤ ਸਿਰਜ ਕੇ ਬੰਗਾਲੀ ਲੀਡਰਾਂ ਨੂੰ ਇਮਾਨਦਾਰ ਤੇ ਲੋਕਾਂ ਨਾਲ ਜੁੜੇ ਹੋਏ ਲੀਡਰ ਦੇ ਤੌਰ 'ਤੇ ਉਭਾਰ ਜਾਂਦਾ ਹੈ। 'ਮਦਾਰੀ ਅਤੇ ਝੁਰਲੂ' ਲੇਖ ਵਿੱਚ ਲੇਖਕ ਦੋ ਸਮਾਂਤਰ ਘਟਨਾਵਾਂ ਉਸਾਰਦਾ ਹੋਇਆ ਇਹ ਸੰਦੇਸ਼ ਦਿੰਦਾ ਹੋਇਆ ਵਿਅੰਗ ਕਰਦਾ ਹੈ ਕਿ ਚੰਗੇ ਡਰਾਇਵਰ ਤੇ ਚੰਗੇ ਨੇਤਾ ਦੇ ਗੁਣ ਅਦਰਸ਼ਵਾਦੀ ਨਹੀਂ ਹੁੰਦੇ। ਚੰਗਾ ਡਰਾਇਵਰ-ਨੇਤਾ ਉਹੀ ਹੈ, ਜੋ ਹਰ ਗ਼ਲਤ ਕੰਮ ਕਰਦਾ ਹੈ। 'ਡਰਾਈਵਰ ਦਾ ਕਮਿਊਨਿਜ਼ਮ' ਲੇਖ ਵਿੱਚ ਲੇਖਕ ਬੰਗਾਲ ਦੀ ਰਾਜਨੀਤੀ ਦਾ ਵਿਸ਼ਲੇਸ਼ਣ ਕਰਦਾ ਹੈ। ਲੀਡਰ ਆਪਣੇ ਹਿੱਤ ਵੇਖਦੇ ਹਨ, ਪਰ ਡਰਾਈਵਰ ਦਾ ਧਰਮ ਗਰੀਬੀ-ਅਮੀਰੀ ਤੋਂ ਉੱਪਰ ਉੱਠ ਕੇ ਸਭ ਨੂੰ ਆਪਣੀ ਸਰਵਿਸ ਦੇਣਾ ਹੁੰਦਾ ਹੈ। ਲੇਖ 'ਪੇਟ ਵਾਲਾ ਲੌਂਗੋਵਾਲ' ਵਿੱਚ ਆਪਣੀ ਗੱਲ ਕਹਿਣ ਲਈ ਉਹ ਇਕ ਤਰਕ ਉਸਾਰਦਾ ਹੈ। ਲੇਖ ਵਿੱਚ ਇਕ ਡਰਾਈਵਰ ਤੇ ਬੰਗਾਲੀ ਬਾਬੂ ਦਾ ਸੰਵਾਦ ਹੈ। ਮਹਾਂਨਗਰ ਵਿੱਚ ਜੋ ਮਨੁੱਖ ਆਉਂਦੇ ਹਨ ਉਹ ਬਹੁਤ ਸਾਰੇ ਸੁਪਨੇ ਲੈ ਕੇ ਆਉਂਦੇ ਹਨ। ਜਦੋਂ ਉਹ ਪੂਰੇ ਨਹੀਂ ਹੁੰਦੇ ਤਾਂ ਸੰਕਟ ਪੈਦਾ ਹੁੰਦਾ ਹੈ। ਇਕ ਲੇਖ ਵਿੱਚ ਹਾਵੜਾ ਪੁਲ ਨੇੜੇ ਸੜਕਾਂ 'ਤੇ ਰਹਿੰਦੇ ਗਰੀਬ ਲੋਕਾਂ ਦਾ ਮਾਰਮਿਕ ਬਿਰਤਾਂਤ ਲੇਖਕ ਪੇਸ਼ ਕਰਦਾ ਹੈ।

ਪੰਜਾਬ ਦੇ ਲੋਕ ਵੀ ਸੁਪਨੇ ਲੈ ਕੇ ਆਉਂਦੇ ਹਨ, ਪਰ ਗਰੀਬੀ 'ਚ ਗਰਕ ਜਾਂਦੇ ਹਨ। 'ਸਵਰਗ ਨਰਕ' ਲੇਖ ਵਿੱਚ ਤੁਲਨਾਤਮਿਕ ਅਧਿਐਨ ਨਾਲ ਆਪਣੀ ਗੱਲ ਕਹਿੰਦਾ ਹੈ। ਡਰਾਈਵਰ ਦਾ ਕਿੱਤਾ ਕਰਦਿਆਂ ਲੇਖਕ ਦਾ ਵਾਹ ਇਕ ਅਮੀਰ ਜੋੜੇ ਨਾਲ ਪੈਂਦਾ ਹੈ, ਜੋ ਆਲੀਸ਼ਾਨ ਜ਼ਿੰਦਗੀ ਬਤੀਤ ਕਰਦੇ ਹਨ ਤੇ ਲੇਖਕ ਖੁਦ ਨਰਕ 'ਚ ਜਿਊ ਰਿਹਾ ਆਪਣੇ-ਆਪ ਨੂੰ ਸਮਝਦਾ ਹੈ ਪਰ ਲੇਖਕ ਲਈ ਗੱਡੀ ਦੀ ਤਪਸ ਹੀ ਸਵਰਗ ਲੱਗਦੀ ਹੈ ਜੋ ਉਹਨੂੰ ਰੋਟੀ-ਰੋਜ਼ੀ ਦਿੰਦੀ ਹੈ। 'ਜੰਗ ਜਾਰੀ ਹੈ ਸਾਥੀ' ਲੇਖ ਵਿੱਚ ਲੇਖਕ ਸਮਾਜ ਤੇ ਲੋਕਾਂ ਦੀ ਚਿੰਤਾ ਤੇ ਚਿੰਤਨ ਮੰਥਨ ਕਰਦੇ ਹਨ। ਇਕ ਲੇਖ ਵਿੱਚ ਉਹ ਕੌਫ਼ੀ ਹਾਊਸ ਵਿੱਚ ਇਨਕਲਾਬ ਤੇ ਰੂਸ ਬਾਰੇ ਗੱਲਾਂ ਕਰਦੇ ਉੱਥੋਂ ਦੇ ਬੁੱਧੀਜੀਵੀਆਂ ਨੂੰ ਵੇਖਦਾ ਹੈ। ਏਥੇ ਪ੍ਰੋ. ਕੌਤਕੀ ਪਾਤਰ ਰਾਹੀਂ ਲੇਖਕ ਆਪਣੀ ਗੱਲ ਸਪੱਸ਼ਟ ਕਰਦਾ ਹੈ।

'ਉਹ ਮਾਂ ਸੀ...' ਲੇਖ ਵਿੱਚ ਡਰਾਈਵਰੀ ਕਿੱਤੇ ਦੀਆਂ ਮੁਸ਼ਕਲਾਂ ਦਾ ਵਰਨਣ ਕਰਦਾ ਹੈ। ਇਕ ਵਾਰ ਲੇਖਕ ਦਾ ਟਰੱਕ ਪਲਟ ਜਾਂਦਾ ਹੈ। ਟਰੱਕ ਵਿੱਚ ਰੂੰ ਦੀਆਂ ਗੱਠਾਂ ਹੁੰਦੀਆਂ ਹਨ। ਕਿਤੇ ਉਹ ਗੱਠਾਂ ਚੋਰੀ ਨਾ ਹੋ ਜਾਣ, ਲੇਖਕ ਉਥੇ ਭੁੱਖਾ ਰਹਿ ਕੇ ਗੱਠਾਂ ਦੀ ਰਾਖੀ ਕਰਦਾ ਹੈ। ਇਕ ਮਾਂ ਉਹਦੇ ਲਈ ਭਾਤ ਲੈ ਕੇ ਆਉਂਦੀ ਹੈ। ਏਥੇ ਲੇਖਕ ਮਮਤਾ ਦਾ ਬਿਰਤਾਂਤ ਬਿਆਨ ਕਰਦਾ ਹੈ।

'ਖਾਵੇ ਕੋਹੜੀ ਛੱਡੇ ਕਲੰਕੀ' ਲੇਖ ਵਿੱਚ ਵੀ ਲੇਖਕ ਆਪਣੇ ਡਰਾਈਵਰੀ ਦੇ ਅਨੁਭਵ ਬਿਆਨ ਕਰਦਾ ਹੈ। ਪਹਿਰਾਵੇ ਕਿਵੇਂ ਬਦਲ ਜਾਂਦੇ ਹਨ, ਇਸ ਦਾ ਬਿਆਨ ਉਹ 'ਪਹਿਰਾਵਾ ਅਤੇ ਪਛਾਣ' ਲੇਖ ਵਿੱਚ ਕਰਦਾ ਹੈ। ਬੰਗਾਲੀ ਪਹਿਰਾਵੇ ਵਾਲਾ ਬੰਦਾ ਪੰਜਾਬੀ ਹੁੰਦਾ ਹੈ। 'ਭਾਰਤ ਅੰਦਰ ਇਕ ਹੋਰ ਭਾਰਤ' ਲੇਖਕ ਬਹੁਤ ਸੰਵੇਦਨਾ ਨਾਲ ਭਰਿਆ ਹੋਇਆ ਹੈ। ਬੱਚਿਆਂ ਦੇ ਆਦਮਖੋਰ ਬਣਨ ਦਾ ਰੌਂਗਟੇ ਖੜੇ ਕਰ ਦੇਣ ਵਾਲਾ ਦ੍ਰਿਸ਼-ਬਿਰਤਾਂਤ ਹੈ। ਇਸ ਲੇਖ ਵਿੱਚ ਲੇਖਕ ਕਹਿੰਦਾ ਹੈ ਕਲਕੱਤੇ ਵਿੱਚ ਜਿੱਥੇ ਵਿਕਾਸ ਦੀ ਹਨੇਰੀ ਆਈ, ਉੱਥੇ ਅਤਿ ਦੀ ਗਰੀਬੀ ਤੇ ਭੁੱਖਮਰੀ ਵੀ ਹੈ। ਇਹੋ ਕਹਾਣੀ ਨੂੰ ਇਸ ਲੇਖ ਵਿੱਚ ਬਿਆਨ ਕੀਤਾ ਹੈ। ਜਿੱਥੇ ਬੱਚੇ ਸ਼ਮਸ਼ਾਨ ਘਾਟ ਵਿੱਚ ਮੁਰਦੇ ਦੀਆਂ ਲੱਤਾਂ ਖਾਣ ਲਈ ਲੈ ਜਾਂਦੇ ਹਨ। ਮਹਾਂਨਗਰਾਂ ਵਿੱਚ ਲੇਖਕ ਨੂੰ ਕਈ ਤਰ੍ਹਾਂ ਦੇ ਠੱਗ ਵੀ ਮਿਲਦੇ ਹਨ ਤੇ ਲਚਾਰੀ ਵਿੱਚ ਪਿਸ ਰਹੀਆਂ ਵੇਸਵਾ ਦਾ ਧੰਦਾ ਕਰਨ ਵਾਲੀਆਂ ਔਰਤਾਂ ਵੀ। ਪੁਲਸ ਨੂੰ 'ਬਾਸੇ' ਵਰਗੇ ਲੋਕ ਕਿਵੇਂ ਠੀਕ ਕਰਦੇ ਹਨ, ਇਸ ਦਾ ਵਰਨਣ ਬਦਮਾਸ਼ ਬਾਸ਼ੇ ਰਾਹੀਂ ਕੀਤਾ ਗਿਆ ਹੈ।

ਲੇਖਕ ਦੀਆਂ ਇਨ੍ਹਾਂ ਲਿਖਤਾਂ ਵਿੱਚ ਵਿਅੰਗ ਵੀ ਟੋਨ ਭਰਪੂਰ ਮਾਤਰਾ ਵਿੱਚ ਵੇਖਣ ਅਤੇ ਸਮਝਣ ਨੂੰ ਮਿਲਦੀ ਹੈ। ਉਹ ਜੱਟ ਕਿਸਾਨਾਂ ਦੀ ਨਿੱਘਰਦੀ ਸਥਿਤੀ ਵੀ ਬਿਆਨ ਕਰਦਾ ਹੈ ਕਿ ਕਿਵੇਂ ਜੱਟ ਖੇਤੀ ਛੱਡ ਕੇ ਢਾਬੇ ਖੋਹਲਣ ਲੱਗ ਪਏ ਹਨ। ਸ਼ਮਸ਼ਾਨ ਘਾਟ ਦੇ ਦ੍ਰਿਸ਼ ਵਿੱਚ ਮਨੁੱਖ ਦੀ ਨਾਸ਼ਮਾਨਤਾ ਦਾ ਬਿਰਤਾਂਤ ਸਿਰਜਦਾ ਹੈ। ਜਿੱਥੇ ਜਿਉਂਦੇ ਬੰਦੇ ਦੀ ਕਦਰ ਹੈ, ਜੋ ਲਾਸ਼ ਬਣ ਗਿਆ, ਉਹਦਾ ਸੰਸਕਾਰ ਕਰਨ ਤੋਂ ਵੀ ਲੋਕ ਭੱਜ ਜਾਂਦੇ ਹਨ। ਕਈ ਲੇਖਾਂ ਵਿੱਚ ਲੇਖਕ ਟੈਕਸੀ ਚਾਲਕਾਂ ਦੀਆਂ ਨਿੱਕੀਆਂ-ਵੱਡੀਆਂ ਸਮੱਸਿਆਵਾਂ ਨੂੰ ਵਿਅੰਗ ਦੀ ਟੋਨ ਨਾਲ ਪੇਸ਼ ਕਰਦਾ ਹੈ।

ਲੇਖਕ ਕਲਕੱਤੇ ਵਿਖੇ ਅਨੇਕਾਂ ਸਾਲਾਂ ਦੇ ਨਿੱਕੇ-ਨਿੱਕੇ ਅਨੁਭਵਾਂ ਨੂੰ ਬਿਆਨ ਕਰਦਾ ਹੈ। 'ਖ਼ੂਨ ਵੇਚ ਕੇ ਮਿਲਦੀ ਰੋਟੀ' ਲੇਖ ਵਿੱਚ ਖ਼ੂਨ ਵੇਚਣ ਵਾਲੇ ਪ੍ਰੋਫੈਸ਼ਨਲ ਬਿਮਾਰ ਲੋਕਾਂ ਦਾ ਬਿਰਤਾਂਤ ਬਿਆਨ ਕਰਦਾ ਹੈ। ਲੇਖਕ ਉਸ ਭਾਰਤ ਦੀ ਤਸਵੀਰ ਦਿਖਾਉਂਦਾ ਹੈ, ਜਿਸ ਤਸਵੀਰ ਨੂੰ ਸੱਤਾ ਪ੍ਰਾਪਤ ਨੇਤਾ ਲੋਕ ਲੁਕੋ ਦਿੰਦੇ ਹਨ। ਇਕ ਥਾਂ ਰੌਂਗਟੇ ਖੜੇ ਕਰ ਦੇਣ ਵਾਲਾ ਬਿਆਨ ਹੈ ਕਿ ਕਿਵੇਂ ਪੇਟ ਲਈ ਲਾਚਾਰ ਬਿਮਾਰ ਕੁੜੀਆਂ ਆਪਣਾ ਸਰੀਰ ਵੇਚਣ ਲਈ ਮਜਬੂਰ ਹੁੰਦੀਆਂ ਹਨ। ਇਕ ਲੇਖ ਵਿੱਚ ਨਾਰੀ ਦਮਨ ਨੂੰ ਬਿਆਨ ਕੀਤਾ ਗਿਆ ਹੈ। ਲੇਖਕ ਉੜੀਸਾ ਦੇ ਇਕ ਪਿੰਡ ਦੀ ਘਟਨਾ ਬਿਆਨ ਕਰਦਾ ਹੈ, ਜਿੱਥੇ ਇਕ ਪਿੰਡ ਦੇ ਲੋਕ ਇਕ ਬੰਦੇ ਨੂੰ ਸਰਪੰਚ ਬਣਾਉਣ ਲਈ ਉਹਦੀ ਪਤਨੀ ਨਾਲ ਸੰਬੰਧ ਬਣਾਉਂਦੇ ਹਨ। ਇਕ ਵਾਰ 7 ਬੰਦੇ ਉਹ ਆ ਜਾਂਦੇ ਹਨ, ਜਿਨ੍ਹਾਂ ਨੇ ਉਸ ਸਰਪੰਚ ਨੂੰ ਵੋਟਾਂ ਪਾਉਣੀਆਂ ਹੁੰਦੀਆਂ ਹਨ। ਉਹ ਔਰਤ ਅਲਫ਼ ਨੰਗੀ ਭੱਜ ਕੇ ਲੇਖਕ ਦੇ ਟਰੱਕ 'ਚ ਲਿਫ਼ਟ ਲੈ ਕੇ ਆਪਣੀ ਜਾਨ ਬਚਾਉਂਦੀ ਹੈ। ਮਾਰਵਾੜੀ ਵਪਾਰੀਆਂ ਨੂੰ ਸਿੱਧਾ ਕਰਨ ਦਾ ਬਿਰਤਾਂਤ ਵੀ ਇਕ ਲੇਖ ਵਿੱਚ ਪੇਸ਼ ਹੋਇਆ ਹੈ। ਕਲਾਕਾਰ ਡਰਾਈਵਰ ਕਿਵੇਂ ਮਾਰਵਾੜੀ ਵਪਾਰੀਆਂ ਨੂੰ ਸਿੱਧਾ ਕਰਦੇ ਹਨ। ਪੈਸੇ ਬਟੋਰਦੇ ਹਨ। ਪੰਜਾਬੀ ਲੋਕ ਤੇ ਡਰਾਈਵਰ ਵੀ ਕਈ ਤਰ੍ਹਾਂ ਦੇ ਹੁੰਦੇ ਹਨ। ਕਈ ਵਾਰ ਡਰਾਈਵਰਾਂ ਨੂੰ ਘਰ ਜਾਣ ਲਈ ਬੰਦੇ ਮੂਰਖ ਬਣਾ ਜਾਂਦੇ ਹਨ। ਇਹ ਘਟਨਾ ਲੇਖਕ ਨਾਲ ਘਟਦੀ ਹੈ, ਜਦੋਂ ਉਹ ਟਰੱਕ ਡਰਾਈਵਰੀ ਦਾ ਕਿੱਤਾ ਕਰਦਾ ਸੀ। ਉਹ ਲੋਕ ਤੂੜੀ ਲੱਦਣ ਦਾ ਝੂਠ ਬੋਲ ਕੇ ਲੇਖਕ ਨੂੰ ਪਿੰਡ ਲੈ ਜਾਂਦੇ ਹਨ। ਦਰਅਸਲ ਉਨ੍ਹਾਂ ਨੇ ਘਰ ਜਾਣਾ ਹੁੰਦਾ ਹੈ, ਉੱਤੋਂ ਰਾਤ ਪੈ ਜਾਂਦੀ ਹੈ। ਡਰਾਈਵਰੀ ਕਰਦਿਆਂ ਹੋਇਆਂ ਹੋਏ ਅਨੁਭਵ ਇਸ ਕਿਤਾਬ ਦਾ ਹਿੱਸਾ ਬਣਦੇ ਹਨ, ਜਿਨ੍ਹਾਂ ਨੂੰ ਲੇਖਕ ਨੇ ਬੜੀ ਸੁਹਿਰਦਤਾ ਨਾਲ ਲਿਖਿਆ ਹੈ।

ਬਲਦੇਵ ਸਿੰਘ ਨੇ ਭਾਵੇਂ ਕਲਕੱਤਾ

16-Feb-Sunday.qxd 2/15/2025 10:57 PM Page 6

‘ਧੁੱਪ ਦੀ ਮਹਿਫ਼ਲ’ ’ਚ ਅਜਮੇਰ ਰੋਡੇ, ਬਲਬੀਰ ਪਰਵਾਨਾ, ਬਲਦੇਵ ਸਿੰਘ ਸੜਕਨਾਮਾ ਤੇ ਗੁਰਵਿੰਦਰ ਸਿੰਘ ਦਾ ਹੋਵੇਗਾ ਸਨਮਾਨ

ਨਵੀਂ ਦਿੱਲੀ : ਪੰਜਾਬੀ ਸਾਹਿਤ ਸਭਾ ਵੱਲੋਂ ਲਗਾਈ ਜਾਂਦੀ ਸਾਲਾਨਾ ‘ਧੁੱਪ ਦੀ ਮਹਿਫ਼ਲ’ ਇਸ ਵਾਰ 16 ਫ਼ਰਵਰੀ, ਐਤਵਾਰ ਨੂੰ ਸਵੇਰੇ 11 ਵਜੇ ਨਵਯੁਗ ਫਾਰਮ, ਅੰਧੇਰੀਆ ਮੋੜ, ਮਹਿਰੌਲੀ ਵਿਖੇ ਸਜਾਈ ਜਾ ਰਹੀ ਹੈ। ਇਸ ਪ੍ਰੋਗਰਾਮ ਦੀ ਰੂਪ-ਰੇਖਾ ਬਾਰੇ ਸਭਾ ਦੇ ਚੇਅਰਪਰਸਨ ਪ੍ਰੋ. ਰੇਣੂਕਾ ਸਿੰਘ ਨੇ ਦੱਸਿਆ ਕਿ 1990 ਤੋਂ ਲਗਾਤਾਰ ਲਗਾਈ ਜਾਂਦੀ ‘ਧੁੱਪ ਦੀ ਮਹਿਫ਼ਲ’ ਦੇ ਦੋ ਪੜਾਅ ਹੋਣਗੇ। ਪਹਿਲੇ ਵਿਚ ਪੰਜਾਬੀ ਦੇ ਤਿੰਨ ਸਿਰਕੱਢ ਸਾਹਿਤਕਾਰਾਂ ਅਜਮੇਰ ਰੋਡੇ, ਬਲਬੀਰ ਪਰਵਾਨਾ, ਬਲਦੇਵ ਸਿੰਘ ਸੜਕਨਾਮਾ ਤੇ ਫ਼ਿਲਮਸਾਜ਼ ਗੁਰਵਿੰਦਰ ਸਿੰਘ ਦਾ ਸਨਮਾਨ ਕੀਤਾ ਜਾਏਗਾ। ਇਸ ਸਨਮਾਨ ਵਿਚ ਇਕ ਸ਼ਾਲ, ਮਿਮੈਂਟੋ, ਮਾਣ-ਪੱਤਰ ਤੇ ਇਕਵੰਜਾ-ਇਕਵੰਜਾ ਹਜ਼ਾਰ ਰੁਪਏ ਨਗਦ ਦਿੱਤੇ ਜਾਂਦੇ ਹਨ। ਦੂਜੇ ਪੜਾਅ ਵਿਚ ਕੁਝ ਲੇਖਕਾਂ ਦੀਆਂ ਕਿਤਾਬਾਂ ਦਾ ਲੋਕਾਰਪਣ ਕੀਤਾ ਜਾਵੇਗਾ। ਪ੍ਰੋਗਰਾਮ ਦੀ ਪ੍ਰਧਾਨਗੀ ਨਾਮਵਰ ਸ਼ਖ਼ਸੀਅਤ ਸਰਬੱਤ ਦਾ ਭਲਾ ਟਰੱਸਟ ਦੇ ਚੇਅਰਮੈਨ ਡਾ. ਐੱਸ. ਪੀ. ਸਿੰਘ ਓਬਰਾਏ ਕਰਨਗੇ। ‘ਧੁੱਪ ਦੀ ਮਹਿਫ਼ਲ’ ਵਿਚ ਐਤਕੀਂ ਵੀ ਦੇਸ਼-ਵਿਦੇਸ਼ ਵਿਚੋਂ ਪੰਜਾਬੀ ਲੇਖਕਾਂ ਦੇ ਪਹੁੰਚਣ ਦੀ ਉਮੀਦ ਹੈ। ਪਿਛਲੇ ਵਰ੍ਹਿਆਂ ਵਾਂਗ ਨਾਸ਼ਤਾ ਤੇ ਦੁਪਹਿਰ ਦਾ ਖਾਣਾ ਹਾਜ਼ਰ ਸਭ ਸੱਜਣਾਂ ਨੂੰ ਪਰੋਸਿਆ ਜਾਵੇਗਾ।

ਬਲਦੇਵ ਬੱਦਨ ਦੀਆਂ ਕਿਤਾਬਾਂ ’ਤੇ ਗੋਸ਼ਟੀ

ਹੁਸ਼ਿਆਰਪੁਰ : ਪ੍ਰਗਤੀਸ਼ੀਲ ਲੇਖਕ ਸੰਘ, ਹੁਸ਼ਿਆਰਪੁਰ ਵਲੋਂ ਖ਼ਾਲਸਾ ਕਾਲਜ ਗੜ੍ਹਦੀਵਾਲਾ ਅਤੇ ਸਾਹਿਤ ਸਭਾ ਦਸੂਹਾ ਗੜ੍ਹਦੀਵਾਲਾ ਦੇ ਸਹਿਯੋਗ ਨਾਲ ਖ਼ਾਲਸਾ ਕਾਲਜ ਵਿਖੇ ਡਾ. ਬਲਦੇਵ ਸਿੰਘ ‘ਬੱਦਨ’ ਦੇ ਕਾਵਿ-ਸੰਗ੍ਰਹਿ ‘ਸ੍ਰਿਸ਼ਟੀ-ਦ੍ਰਿਸ਼ਟੀ’, ਗ਼ਜ਼ਲ- ਸੰਗ੍ਰਹਿ ‘ਜ਼ਖ਼ਮੀ ਡਾਰ ਪਰਿੰਦਿਆਂ ਦੀ’ ’ਤੇ ਵਿਚਾਰ-ਗੋਸ਼ਟੀ ਅਤੇ ਗ਼ਜ਼ਲ-ਸੰਗ੍ਰਹਿ ‘ਅੱਖਾਂ ਲੱਭਦੇ ਸੁਫ਼ਨੇ’ ਦਾ ਲੋਕ-ਅਰਪਣ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰਗਤੀਸ਼ੀਲ ਸੰਘ, ਪੰਜਾਬ ਦੇ ਪ੍ਰਧਾਨ ਸੁਰਜੀਤ ਜੱਜ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਦੇ ਪ੍ਰਧਾਨ ਪਵਨ ਹਰਚੰਦਪੁਰੀ, ਡਾ. ਇੰਦਰਜੀਤ ਸਿੰਘ ਵਾਸੂ, ਡਾ. ਬਲਦੇਵ ਸਿੰਘ ਬੱਦਨ ਅਤੇ ਪ੍ਰੋ. ਬਲਦੇਵ ਸਿੰਘ ਬੱਲੀ ਸ਼ਾਮਲ ਹੋਏ। ਪੰਜਾਬੀ ਵਿਭਾਗ ਦੇ ਪ੍ਰੋ. ਗੁਰਮੁੱਖਪ੍ਰੀਤ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਸੁਆਗਤ ਕੀਤਾ। ਪ੍ਰੋ. ਮਲਕੀਤ ਸਿੰਘ ਸਿੰਘ ਜੌੜਾ ਨੇ ਕਾਵਿ ਸੰਗ੍ਰਹਿ ‘ਸ੍ਰਿਸ਼ਟੀ-ਦ੍ਰਿਸ਼ਟੀ’ ਸੰਬੰਧੀ ਖੋਜ ਪੱਤਰ ਪੇਸ਼ ਕਰਦਿਆਂ ਕਿਹਾ ਕਿ ਕਿਤਾਬ ਸਮਕਾਲੀ ਯਥਾਰਥ ਦੇ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਅਤੇ ਪ੍ਰਾਕਿਰਤਕ ਪਸਾਰਿਆਂ ਨੂੰ ਆਪਣੇ ਕਲੇਵਰ ਵਿਚ ਲੈਂਦੀ ਹੋਈ ਅਨੇਕਾਂ ਪੱਖਾਂ ਦਾ ਚੇਤਨਾ ਤੋਂ ਚਿੰਤਨ ਤੱਕ ਪ੍ਰਗਟਾਵਾ ਕਰਦੀ ਹੈ। ਪ੍ਰੋ. ਸੁਰਜੀਤ ਜੱਜ ਨੇ ਜ਼ਖ਼ਮੀ ਡਾਰ ਪਰਿੰਦਿਆਂ ਦੀ ਸੰਬੰਧੀ ਆਪਣੇ ਖੋਜ ਪੱਤਰ ਵਿੱਚ ਕਿਹਾ ਕਿ ਇਸ ਸੰਗ੍ਰਹਿ ਦੀ ਸ਼ਾਇਰੀ ਸਮਾਜਿਕ ਯਥਾਰਥ ਦੀ ਡੂੰਘਾਈ ਵਿੱਚ ਪਰਖ਼ ਪੜਚੋਲ ਕਰਦੀ ਹੈ। ਪ੍ਰੋ. ਸੰਧੂ ਵਰਿਆਣਵੀ ਨੇ ਕਿਹਾ ਕਿ ਇਸ ਸੰਗ੍ਰਹਿ ਦੀ ਸ਼ਾਇਰੀ ਵਿਚ ਕਵੀ ਦੇ ਸ਼ਬਦਾਂ ਦਾ ਹਥਿਆਰ ਬਾਕਮਾਲ ਹੈ।ਕੇ. ਸਾਧੂ ਸਿੰਘ ਨੇ ਕਿਹਾ ਪੁਸਤਕ ਵਿਚਲੀਆਂ ਰਚਨਾਵਾਂ ਮਾਨਵੀ ਮੁੱਲਾਂ ਦੇ ਨੇੜੇ ਹਨ। ਮਦਨ ਵੀਰਾ ਨੇ ਕਿਹਾ ਕਿ ਲੇਖਕ ਨੇ ਪਹਿਲਾਂ ਮੱਧਕਾਲੀ ਸਾਹਿਤ ਤੇ ਵੱਡਾ ਖੋਜ ਕਾਰਜ ਕੀਤਾ ਹੈ ਅਤੇ ਹੁਣ ਉਸ ਨੇ ਆਧੁਨਿਕ ਸਿਰਜਣਾ ਦਾ ਕਾਰਜ ਅਰੰਭਿਆ ਹੈ।ਡਾ. ਇੰਦਰਜੀਤ ਸਿੰਘ ਵਾਸੂ ਨੇ ਕਵਿਤਾਵਾਂ ਦੇ ਮਨੁੱਖੀ ਗੁਣਾਂ ਦੇ ਉਥਾਨ ਦੀ ਗੱਲ ਕੀਤੀ।ਪਵਨ ਹਰਚੰਦਪੁਰੀ ਨੇ ਸਾਹਿਤ ਤੇ ਸਮਾਜ ਦੀ ਸਮਝ ਬਾਰੇ ਚਰਚਾ ਕਰਦਿਆਂ ਬੱਦਨ ਦੀ ਸਿਰਜਣਾ ਦੀ ਸਾਰਥਿਕਤਾ ਨੂੰ ਪੇਸ਼ ਕੀਤਾ। ਜਗਦੀਸ਼ ਰਾਣਾ ਨੇ ਗ਼ਜ਼ਲ ਸਿਰਜਣਾ ਦੇ ਤਕਨੀਕੀ ਪੱਖ ਸੰਬੰਧੀ ਗੰਭੀਰ ਚਰਚਾ ਕੀਤੀ।ਪ੍ਰੋ. ਬਲਦੇਵ ਸਿੰਘ ਬੱਲੀ ਨੇ ਕਾਵਿ ਨਾਇਕ ਦੀ ਚੜ੍ਹਦੀ ਕਲਾ ਬਾਰੇ ਚਰਚਾ ਕੀਤੀ ਅਤੇ ਸਮਾਗਮ ਲਈ ਸਹਿਯੋਗ ਦੇਣ ਲਈ ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦਾ ਧੰਨਵਾਦ ਕੀਤਾ।ਵਿਚਾਰ ਚਰਚਾ ਵਿੱਚ ਅਮਰੀਕ ਡੋਗਰਾ, ਪ੍ਰੋ. ਸ਼ਾਮ ਸਿੰਘ ਨੇ ਹਿੱਸਾ ਲੈਂਦਿਆਂ ਰਚਨਾਵਾਂ ਦੇ ਹਵਾਲੇ ਨਾਲ ਕਵੀ ਦੀ ਉਸਾਰੂ ਜੀਵਨ ਦ੍ਰਿਸ਼ਟੀ ਨੂੰ ਪੇਸ਼ ਕੀਤਾ। ਕਵਿਤਾ ਬਾਰੇ ਟਿੱਪਣੀਆਂ ਕਰਦਿਆਂ ਨਵਤੇਜ ਗੜ੍ਹਦੀਵਾਲਾ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੋਹਣੀ ਤਰ੍ਹਾਂ ਨਿਭਾਈ।ਡਾ. ਬਲਦੇਵ ਸਿੰਘ ਬੱਦਨ ਨੇ ਆਪਣੇ ਜੀਵਨ ਤੇ ਸਿਰਜਣਾ - ਸਫ਼ਰ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਅਤੇ ਕਾਲਜ ਵਲੋਂ ਆਪ ਦਾ ਸਨਮਾਨ ਕੀਤਾ ਗਿਆ। ਏਸ ਪ੍ਰਭਾਵਸ਼ਾਲੀ ਸਮਾਗਮ ਵਿੱਚ ਡਾ. ਸਤਵੰਤ ਕੌਰ, ਸੁਰਿੰਦਰ ਨੇਕੀ,ਡਾ. ਰਵਿੰਦਰ ਕੌਰ,ਪ੍ਰਿੰਸੀਪਲ ਤਰਸੇਮ ਸਿੰਘ, ਅਵਤਾਰ ਸਿੰਘ, ਜਸਵੀਰ ਧੀਮਾਨ ਅਤੇ ਕਾਲਜ ਦੇ ਵਿਦਿਆਰਥੀ ਹਾਜ਼ਰ ਸਨ।

-ਨਵਤੇਜ ਗੜ੍ਹਦੀਵਾਲਾ

ਨੌਵਾਂ ਪ੍ਰਮਿੰਦਰਜੀਤ ਯਾਦਗਾਰੀ ਪੁਰਸਕਾਰ ਸ਼ਾਇਰ ਵਿਸ਼ਾਲ ਨੂੰ

ਅੰਮ੍ਰਿਤਸਰ-ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਇਪਸਾ ਆਸਟ੍ਰੇਲੀਆ ਦੇ ਸਹਿਯੋਗ ਨਾਲ ਨੌਵਾਂ ਪ੍ਰਮਿੰਦਰਜੀਤ ਯਾਦਗਾਰੀ ਪੁਰਸਕਾਰ ਕਵੀ ਤੇ ਸੰਪਾਦਕ ਵਿਸ਼ਾਲ ਨੂੰ 9 ਫਰਵਰੀ,

ਐਤਵਾਰ ਦਸਮੇਸ਼ ਪਬਲਿਕ ਸਕੂਲ, ਬਾਬਾ ਬਕਾਲਾ ਸਾਹਿਬ ਵਿਖੇ ਦਿੱਤਾ ਗਿਆ।ਪ੍ਰਮਿੰਦਰਜੀਤ ਯਾਦਗਾਰੀ ਪੁਰਸਕਾਰ ਦੀ ਇਸ ਸ਼ਾਨਦਾਰ ਉਪਲੱਬਧੀ ’ਤੇ ਪੰਜਾਬੀ ਸਾਹਿਤਕ ਜਗਤ ਵੱਲੋਂ ਸ਼ਾਇਰ ਵਿਸ਼ਾਲ ਨੂੰ ਵਧਾਈ! ਇਸ ਸਨਮਾਨ ਸਮਾਰੋਹ ਮੌਕੇ ਮੁੱਖ ਮਹਿਮਾਨ ਗਜ਼ਲਕਾਰ ਗੁਰਤੇਜ ਕੋਹਾਰਵਾਲਾ।ਵਿਸ਼ੇਸ਼ ਮਹਿਮਾਨ ਲੇਖਕ ਤੇ ਫ਼ਿਲਮੀ ਲੇਖਕ ਕੁਲਦੀਪ ਸਿੰਘ ਬੇਦੀ ਤੇ ਕਵੀ, ਅਲੋਚਕ ਪ੍ਰੋ. ਕੁਲਵੰਤ ਅੌਜਲਾ ਹੋਣਗੇ। ਪ੍ਰਧਾਨਗੀ ਮੰਡਲ ’ਚ ਡਾ. ਗੋਪਾਲ ਸਿੰਘ ਬੁੱਟਰ, ਮੱਖਣ ਕੋਹਾੜ , ਸ਼ਾਇਰ ਇੰਦਰੇਸ਼ ਮੀਤ, ਕਹਾਣੀਕਾਰ ਦੀਪ ਦਵਿੰਦਰ, ਕੰਵਰ ਇਕਬਾਲ ਤੇ ਗੁਰਮੀਤ ਸਿੰਘ ਬਾਜਵਾ ਸਨ।ਸ਼ਾਇਰ ਵਿਸ਼ਾਲ ਜਿੱਥੇ ਇੱਕ ਪੰਜਾਬੀ ਦੇ ਨਾਮਵਰ ਸ਼ਾਇਰ ਹਨ, ਉੱਥੇ ਉਹ ਇੱਕ ਚੰਗੇ ਗੀਤਕਾਰ, ਸੰਪਾਦਕ, ਵਾਰਤਕ ਲੇਖਕ ਵਜੋਂ ਵੀ ਆਪਣੀ ਪਛਾਣ ਬਣਾਉਣ ਵਿਚ ਕਾਮਯਾਬ ਹੋਏ ਹਨ। ਉਹਨਾਂ ਵਿਸ਼ਾਲ ਪੰਜਾਬੀ ਸਾਹਿਤ ਦੀ ਝੋਲੀ ਵਿਚ ‘ਤਿਤਲੀ ਤੇ ਕਾਲੀ ਹਵਾ’, ‘ਕੈਨਵਸ ਕੋਲ ਪਈ ਬੰਸਰੀ’, ‘ਮੈਂ ਅਜੇ ਹੋਣਾ ਹੈ’ ਅਤੇ ‘ਤ੍ਰੇਹ’ ਵਰਗੀਆਂ ਮਸ਼ਹੂਰ ਕਾਵਿ-ਕਿਤਾਬਾਂ ਪੰਜਾਬੀ ਸਾਹਿਤ ਨੂੰ ਭੇਟ ਕੀਤੀਆਂ। ‘ਇਟਲੀ ’ਚ ਮੌਲਦਾ ਪੰਜਾਬ’ ਅਤੇ ‘ਬਾਰੀ ਯਾਦ ਚੋਖੀ ਆਵੇ’ (ਵਾਰਤਿਕ) ਨੇ ਵੀ ਪਾਠਕਾਂ ਦੀ ਖੂਬ ਪ੍ਰਸੰਸਾ ਹਾਸਲ ਕੀਤੀ। ਇਟਲੀ ਪਰਵਾਸ ਵੇਲੇ 8 ਸਾਲ ਉਨ੍ਹਾਂ ‘ਇੰਡੋ-ਇਟਾਲੀਅਨ ਟਾਈਮਜ਼’ ਪਰਚੇ ਦੀ ਸੰਪਾਦਨਾ ਕੀਤੀ, ਜੋ ਯੂਰਪ ਭਰ ’ਚ ਪਹਿਲਾ ਪਰਚਾ ਸੀ।ਵਿਸ਼ਾਲ ਜਲੰਧਰ ਦੂਰਦਰਸ਼ਨ ’ਤੇ ‘ਜਵਾਂ-ਤਰੰਗ’ ਪ੍ਰੋਗਰਾਮ ਦਾ ਸੰਚਾਲਨ ਵੀ ਕਰਦਾ ਰਿਹਾ ਹੈ। ਕਰੀਬ 100 ਨਾਟਕਾਂ ਦੀ ਪਿੱਠ ਭੂਮੀ ’ਤੇ ਚੱਲਣ ਵਾਲੇ ਗੀਤਾਂ ਤੋਂ ਇਲਾਵਾ ‘ਬੋਲ’ ਨਾਂਅ ਦੀ ਪੰਜਾਬੀ ਫ਼ੀਚਰ ਫ਼ਿਲਮ ਦੇ ਗੀਤ ਵੀ ਲਿਖੇ ਤੇ ਨਾਲ ਹੀ ਪੰਜਾਬ ਸਰਕਾਰ ਦੇ ਸਰਬ ਸਿੱਖਿਆ ਅਭਿਆਨ ਅਧੀਨ ਆਉਂਦੇ ਵਿਸ਼ੇਸ਼ ਬੱਚਿਆਂ ਲਈ ਲਘੂ ਫ਼ਿਲਮ ਤੇ ਉਸ ਦੇ ਗੀਤ ਵੀ ਲਿਖੇ। ਵੱਖ-ਵੱਖ ਚੈਨਲਾਂ ਲਈ ਸਾਹਿਤਕ ਪ੍ਰੋਗਰਾਮ ਵੀ ਰਿਕਾਰਡ ਕੀਤੇ, ਨਾਟਕਾਂ ਤੇ ਇਕ ਲਘੂ ਫ਼ਿਲਮ ‘ਏਨਾ ਨੂੰ ਪਿਆਰ ਕਰੋ’ ’ਚ ਅਦਾਕਾਰੀ ਵੀ ਕੀਤੀ। ਜ਼ਿਕਰਯੋਗ ਹੈ ਕਿ ਪ੍ਰਮਿੰਦਰਜੀਤ ਦੇ ਜਾਣ ਤੋਂ ਬਾਅਦ ਵਿਸ਼ਾਲ ਨੇ 9 ਸਾਲ ‘ਅੱਖਰ’ ਮੈਗਜ਼ੀਨ ਦੀ ਸੰਪਾਦਨਾ ਕਰਕੇ ‘ਅੱਖਰ’ ਦਾ ਜ਼ਿਕਰਯੋਗ ਸਥਾਨ ਬਣਾਉਣ ਲਈ ਅਹਿਮ ਭੂਮਿਕਾ ਨਿਭਾਈ।ਵਿਸ਼ਾਲ ਦੀਆਂ ਚੋਣਵੀਆਂ ਕਵਿਤਾਵਾਂ, ਹਿੰਦੀ, ਅੰਗਰੇਜ਼ੀ, ਕੰਨੜ, ਉੜੀਆ, ਅਸਾਮੀ, ਉਰਦੂ, ਇਟਾਲੀਅਨ ਭਾਸ਼ਾ ’ਚ ਅਨੁਵਾਦ ਹੋ ਚੁੱਕੀਆਂ ਹਨ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਐੱਮ.ਏ. ਦੇ ਵਿਦਿਆਰਥੀਆਂ ਲਈ ਸਿਲੇਬਸ ’ਚ ਵੀ ਮੌਜੂਦ ਹਨ।ਇੱਥੇ ਇਹ ਵੀ ਵਰਨਣਯੋਗ ਹੈ ਕਿ ਵਿਸ਼ਾਲ ਦੀ ਕਵਿਤਾ ਦਾ ਸਫ਼ਰ 1986 ’ਚ ਲੋਅ, ਨਾਗਮਣੀ ਤੋਂ ਸ਼ੁਰੂ ਹੋਇਆ ਤੇ ਬਾਅਦ ’ਚ ਪੰਜਾਬੀ ਦੇ ਨਾਮਵਰ ਪਰਚਿਆਂ ’ਚ ਉਸ ਦੀਆਂ ਕਵਿਤਾਵਾਂ ਛਪਦੀਆਂ ਰਹੀਆਂ। ਵਿਸ਼ਾਲ ਦੀ ਕਵਿਤਾ ਦਾ ਮੁੱਖ ਸੁਰ ਰਾਜਨੀਤਕ, ਵਿਸ਼ਵ ਭਰ ’ਚ ਮਿੱਟੀ ਨਾਲ ਜੁੜੇ ਲੋਕਾਂ ਤੇ ਮੁਹੱਬਤੀ ਸਰੋਕਾਰਾਂ ਨੂੰ ਪੇਸ਼ ਕਰਦੀ ਹੈ। ਉਹ ਹੁਣ ਤੱਕ ਇੰਗਲੈਂਡ, ਇਟਲੀ, ਕੈਨੇਡਾ ਦੀਆਂ ਵਿਸ਼ਵ ਕਾਨਫ਼ਰੰਸਾਂ ’ਚ ਭਾਗ ਲੈ ਚੁੱਕੇ ਹਨ।ਸ਼ਾਇਰ ਵਿਸ਼ਾਲ ਨੂੰ ਪ੍ਰਮਿੰਦਰਜੀਤ ਯਾਦਗਾਰੀ ਪੁਰਸਕਾਰ ਦੇਣਾ ਪੰਜਾਬੀ ਸਾਹਿਤ ਦਾ ਗੌਰਵ ਵਧਾਉਣ ਵਾਲੀ ਗੱਲ ਹੈ।ਮੈਂ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਅਤੇ ਇਪਸਾ ਆਸਟ੍ਰੇਲੀਆ ਨੂੰ ਇਸ ਫੈਸਲੇ ਦਾ ਸਵਾਗਤ ਕਰਦਾ ਹਾਂ ਅਤੇ ਸ਼ਾਇਰ ਵਿਸ਼ਾਲ ਨੂੰ ਵਧਾਈ ਦਿੰਦਾ ਹਾਂ।

ਸੁਰਜੀਤ ਬਰਾੜ ਦਾ ਨਾਵਲ ‘ਗੁਲਾਬੀ ਸੁੰਡੀ’ ’ਤੇ ਗੋਸ਼ਟੀ

ਬਰਨਾਲਾ : ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਵਿੱਚ ਜਗਜੀਤ ਕੌਰ ਢਿੱਲਵਾਂ ਦੇ ਗਜ਼ਲ ਸੰਗ੍ਰਹਿ ‘ਵੰਝਲੀ ਦੀ ਤਾਨ’ ਅਤੇ ਰਸਾਲਾ ‘ਲੋਹਮਨੀ’ ਲੋਕ ਅਰਪਣ ਕੀਤੇ ਗਏ ਅਤੇ ਸੁਰਜੀਤ ਬਰਾੜ ਦੇ ਨਾਵਲ ‘ਗੁਲਾਬੀ ਸੁੰਡੀ’ ਉੱਪਰ ਗੋਸ਼ਟੀ ਕਰਵਾਈ ਗਈ, ਜਿਸ ਉੱਪਰ ਪਰਚਾ ਪੜ੍ਹਦਿਆਂ ਡਾ. ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਡਾ. ਸੁਰਜੀਤ ਬਰਾੜ ਦਾ ਨਾਵਲ ‘ਗੁਲਾਬੀ ਸੁੰਡੀ’ ਮਾਨਵੀ ਸੰਕਟ ਦੀ ਬਾਤ ਪਾਉਂਦਾ ਸਾਮਰਾਜੀ ਲੁੱਟ ਦੀਆਂ ਅਨੇਕਾਂ ਪਰਤਾਂ ਨੂੰ ਉਲੀਕਦਾ ਹੀ ਨਹੀਂ, ਬਲਕਿ ਇਸ ਅਮਾਨਵੀ ਵਰਤਾਰੇ ਦਾ ਮੁਕਾਬਲਾ ਕਰਨ ਲਈ ਲੋਕ ਸੰਘਰਸ਼ ਤੇ ਲੋਕ ਸ਼ਕਤੀ ਬਣ ਕੇ ਅੱਗੇ ਆਉਣ ਦਾ ਹੋਕਾ ਵੀ ਦਿੰਦਾ ਹੈ।

ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਬਰਾੜ ਪੂੰਜੀਵਾਦ ਨੂੰ ਹੀ ਸਾਰੀਆਂ ਬਿਮਾਰੀਆਂ ਦੀ ਜੜ੍ਹ ਸਮਝਦਾ ਹੈ, ਜੋ ਕਿ ਸਾਡੀਆਂ ਫਸਲਾਂ ਅਤੇ ਨਸਲਾਂ ਨੂੰ ਖਾ ਰਹੀ ਹੈ ਤੇ ਉਹ ਆਪਣੇ ਨਾਵਲ ਵਿੱਚ ਦੱਸਦਾ ਹੈ ਕਿ ਚੇਤੰਨ ਹੋ ਕੇ ਸੰਘਰਸ਼ਾਂ ਦੇ ਰਾਹ ਪੈ ਕੇ ਇਸ ਸਮੱਸਿਆ ਦਾ ਹੱਲ ਕੱਢਿਆ ਜਾ ਸਕਦਾ ਹੈ । ਜਗਜੀਤ ਕੌਰ ਢਿੱਲਵਾਂ ਦੇ ਗਜ਼ਲ ਸੰਗ੍ਰਹਿ ‘ਵੰਝਲੀ ਦੀ ਤਾਨ’ ਬਾਰੇ ਬੋਲਦਿਆਂ ਗਜ਼ਲਗੋ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਇਸ ਸੰਗ੍ਰਹਿ ਦੀਆਂ ਗਜ਼ਲਾਂ ਲੋਕ ਹਿੱਤਾਂ ਦੀ ਗੱਲ ਕਰਦੀਆਂ ਯਥਾਰਥ ਦੇ ਨੇੜੇ ਹਨ। ਕਰਮ ਸਿੰਘ ਜ਼ਖ਼ਮੀ ਨੇ ਕਿਹਾ ਕਿ ਇਸ ਗਜ਼ਲ ਸੰਗ੍ਰਹਿ ਦੀਆਂ ਗਜ਼ਲਾਂ ਔਰਤ ਦੇ ਦਰਦ ਨੂੰ ਬਾਖੂਬੀ ਬਿਆਨ ਕਰਦੀਆਂ ਹਨ ਅਤੇ ਉਸ ਨੂੰ ਹੱਕ-ਸੱਚ ਖਾਤਰ ਜੂਝਣ ਲਈ ਪ੍ਰੇਰਨਾ ਦਿੰਦੀਆਂ ਹਨ। ਇਹਨਾਂ ਤੋਂ ਇਲਾਵਾ ਡਾ. ਇਕਬਾਲ ਸਿੰਘ ਸਕਰੌਦੀ, ਭੋਲਾ ਸਿੰਘ ਸੰਘੇੜਾ, ਡਾ. ਭੁਪਿੰਦਰ ਸਿੰਘ ਬੇਦੀ, ਡਾ. ਤਰਸਪਾਲ ਕੌਰ, ਹਾਕਮ ਸਿੰਘ ਰੂੜੇਕੇ, ਨਵਕਿਰਨ ਪੱਤੀ, ਸੁਖਵਿੰਦਰ ਸਿੰਘ ਆਜ਼ਾਦ, ਸੋਹਨ ਸਿੰਘ ਮਾਝੀ ਅਤੇ ਰਾਜੀਵ ਸ਼ਰਮਾ ਨੇ ਇਹਨਾਂ ਪੁਸਤਕਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ । ਉਪਰੰਤ ਹੋਏ ਕਵੀ ਦਰਬਾਰ ਵਿੱਚ ਜੁਗਰਾਜ ਧੌਲਾ, ਬਹਾਦਰ ਸਿੰਘ ਧੌਲਾ, ਇਕਬਾਲ ਕੌਰ ਉਦਾਸੀ, ਕਪੂਰ ਚੰਦ ਸ਼ਰਮਾ, ਰਜਿੰਦਰ ਸਿੰਘ ਰਾਜਨ, ਜਗਜੀਤ ਸਿੰਘ ਲੱਡਾ, ਸੁਖਵਿੰਦਰ ਸਿੰਘ, ਸਨੇਹ ਪਾਲ ਸਿੰਘ ਲਹਿਰੀ, ਅਜਮੇਰ ਸਿੰਘ ਅਕਲੀਆ, ਪ੍ਰਿੰ. ਕੌਰ ਸਿੰਘ, ਗੁਰਤੇਜ ਸਿੰਘ ਮੱਖਣ, ਰਘਵੀਰ ਸਿੰਘ ਗਿੱਲ ਕੱਟੂ, ਸਾਗਰ ਸਿੰਘ ਸਾਗਰ, ਰਜਨੀਸ਼ ਕੌਰ ਬਬਲੀ, ਡਾ. ਹਰਪ੍ਰੀਤ ਕੌਰ ਰੂਬੀ, ਮੀਤ ਸਕਰੌਦੀ, ਚਰਨੀ ਬੇਦਿਲ, ਦਲਵਾਰ ਸਿੰਘ ਧਨੌਲਾ, ਗੁਰਪਾਲ ਸਿੰਘ ਬਿਲਾਵਲ, ਕਰਮਜੀਤ ਸਿੰਘ ਜੱਗੀ ਭੋਤਨਾ, ਮਨਜੀਤ ਸਿੰਘ ਸਾਗਰ, ਕਰਮਜੀਤ ਸਿੰਘ ਭੱਠਲ, ਤੇਜਿੰਦਰ ਚੰਡਿਹੋਕ, ਗੁਰਦੇਵ ਸਿੰਘ ਦਰਦੀ, ਡਾ. ਸਾਧੂ ਰਾਮ ਲੰਗੇਆਣਾ, ਚਤਿੰਦਰ ਰੁਪਾਲ, ਮੇਜਰ ਸਿੰਘ ਗਿੱਲ, ਪਵਨ ਪਰਿੰਦਾ, ਜੁਗਰਾਜ ਸਿੰਘ ਸੇਖਾ, ਅਮਾਨਤਪ੍ਰੀਤ ਕੌਰ ਅਤੇ ਵਤਨਪ੍ਰੀਤ ਕੌਰ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਸਭਾ ਦੀ ਰਵਾਇਤ ਮੁਤਾਬਕ ਲੇਖਕਾਂ ਦਾ ਸਨਮਾਨ ਵੀ ਕੀਤਾ ਗਿਆ।

ਪ੍ਰੀਤ ਨੀਤਪੁਰ ਨੂੰ ‘ਮਾਤਾ ਮਾਨ ਕੌਰ ਪੁਰਸਕਾਰ’

ਪਟਿਆਲਾ : ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਕੇਂਦਰੀ ਪੰਜਾਬੀ

ਸੁਰਿੰਦਰ ਗੀਤ ਦੀਆਂ ਕਵਿਤਾਵਾਂ

ਸੁਰਿੰਦਰ ਗੀਤ ਪੰਜਾਬੀ ਕਾਵਿ-ਸਾਹਿਤ ਵਿਚ ਉੱਘੜਵਾਂ ਗੂੜ੍ਹਾ ਹਸਤਾਖ਼ਰ ਹੈ। ਦਰਅਸਲ ਉਸ ਨੇ ਨਿਆਣ-ਮੱਤੀਆਂ ਵੇਲੇ ਕਾਵਿ-ਪਰਵਾਜ਼ਾਂ ਭਰਨੀਆਂ ਸ਼ੁਰੂ ਕਰ ਦਿੱਤੀਆਂ। ਕਾਵਿ-ਤਰੰਗਾਂ ਨੂੰ ਕਾਗਜ਼ਾਂ ਦੀ ਹਿੱਕ 'ਤੇ ਸੁਆਰ-ਉਭਾਰ ਕੇ ਬੀੜਨ ਦਾ ਬੀੜਾ ਚੁੱਕਿਆ। ਹੌਲੀ ਉਮਰੇ ਉਹਦੀਆਂ ਮੱਠੀਆਂ-ਮਿੱਠੀਆਂ ਕਾਵਿ-ਸੁਰਾਂ ਦਾ ਅਲਾਪ ਆਸੇ-ਪਾਸੇ ਸੁਣਿਆ ਜਾਣ ਲੱਗਾ। ਕਾਵਿ-ਖ਼ਿਆਲ ਸੰਜੀਦਾ ਕਾਵਿ ਵਿਚ ਤਬਦੀਲ ਹੁੰਦੇ ਗਏ। ਸਾਹਿਤ ਸੰਸਾਰ ਵਿਚ ਨਿਵੇਕਲੇ ਝਲਕਾਰੇ ਮਾਰਨ ਲੱਗੇ। ਨਤੀਜਨ, ਉਹਦਾ ਪਹਿਲਾ ਕਾਵਿ-ਸੰਗ੍ਰਹਿ 1996 ਵਿਚ ਛਪਿਆ, ਜੋ ਲੇਖਕਾਂ-ਅਲੋਚਕਾਂ ਦੀ ਖ਼ਿੱਚ ਦਾ ਕਾਰਨ ਬਣਿਆ। ਉਹ ਆਪਣੇ ਨਾਵਾਂ ਜਿਵੇਂ ਸੁਰਿੰਦਰ ਕੌਰ, ਸੁਰਿੰਦਰ ਗਿੱਲ ਤੇ ਸੁਰਿੰਦਰ ਗੀਤ ਦੇ ਸਫ਼ਰ ਵਾਂਗ ਨੌਂ ਕਾਵਿ-ਸੰਗ੍ਰਹਿ ਆਪਣੀ ਮਾਤ ਭਾਸ਼ਾ ਨੂੰ ਦੇ ਕੇ ਆਪਣੀ ਕਾਵਿ-ਸਮਰੱਥਾ ਦਾ ਪ੍ਰਗਟਾਵਾ ਕਰ ਚੁੱਕੀ ਹੈ। ਸ਼ਾਇਦ ਏਸੇ ਕਰਕੇ ਗੰਭੀਰ ਸਾਹਿਤਕਾਰ ਤੇ ਅਲੋਚਕ ਸੁਰਿੰਦਰ ਗੀਤ ਦੀ ਕਾਵਿ-ਜੁਗਤ ਦੇ ਗੀਤ ਗਾਉਂਦੇ ਦਿਸਦੇ-ਸੁਣਦੇ ਹਨ। ਹਕੀਕਤ ਇਹ ਹੈ ਕਿ ਉਸ ਦੀ ਕਾਵਿ-ਰਚਨਾ ਕਿਸੇ ਵਾਦ ਨਾਲ ਨਰੜੀ ਨਹੀਂ ਹੋਈ ਤੇ ਨਾ ਹੀ ਕੱਟੜ ਨਾਰੀਵਾਦ ਦੀ ਸੁਰ 'ਚ ਸੁਰ ਮਿਲਾਉਂਦੀ ਹੈ। ਉਹ ਮਰਦ ਨੂੰ ਨੌਲਦੀ ਨਹੀਂ, ਸਗੋਂ ਉਸ ਦੇ ਉਸਾਰੂ ਪੱਖਾਂ ਨੂੰ ਗੌਲਦੀ ਹੈ। ਉਹਦੀ ਸਮੁੱਚੀ ਕਵਿਤਾ ਤੇ ਕਹਾਣੀ ਸਮਕਾਲੀ ਸਥਿਤੀਆਂ, ਸਮਾਜਿਕ ਵਿਵਸਥਾ, ਅਨਿਆਂ ਤੇ ਵਿਤਕਰੇ ਉੱਤੇ ਤਿੱਖੇ ਵਿਅੰਗ-ਬਾਣਾਂ ਦੀ ਸ਼ਾਬਦਿਕ ਵਰਖਾ ਕਰਦੀ ਹੈ। ਉਹ ਬੁੱਧੀਜੀਵੀਆਂ, ਸਾਹਿਤਕਾਰਾਂ ਨੂੰ ਝੰਜੋੜ ਜਗਾਉਂਦੀ ਹੋਈ ਆਪਣੇ ਚਿੰਤਨ ਤੇ ਚੇਤਨਾ ਦੀ ਤਰਕ-ਬਾਣੀ ਨਾਲ ਰਾਜਨੀਤਕ ਦੋਗਲੀਆਂ ਚਾਲਾਂ ਤੇ ਧਾਰਮਿਕ ਦੰਭਾਂ-ਪਾਖੰਡਾਂ ਦਾ ਖੰਡਨ ਕਰਦੀ ਹੋਈ ਮਾਨਵ-ਮੁਖੀ ਕਵਿਤਾ ਉਚਾਰਦੀ ਹੈ। ਉਸ ਦੀ ਕਵਿਤਾ ਵਿਚਲੀ ਮੈਂ ਮੈਂ-ਮੈਂ ਨਹੀਂ, ਵਰਗ ਪ੍ਰਤੀਨਿਧਤਾ ਹੈ। ਨਿਮਾਣਿਆਂ-ਨਿਤਾਣਿਆਂ ਖਾਤਰ ਜੂਝਣ ਹੈ। ਜ਼ਿੰਦਗੀ ਦੇ ਮਾਰੇ ਲੋਕਾਂ ਦੀ ਰੇਗਿਸਤਾਨੀ ਜ਼ਿੰਦਗੀ ਵਿਚ ਵਗਦੀ ਕਾਵਿ ਨਦੀ ਹੈ, ਜੋ ਨਖ਼ਲਸਤਾਨ ਸਿਰਜਦੀ ਹੈ। ਉਹ ਦਾਬੇ ਵਾਲੇ ਸੱਭਿਆਚਾਰ ਦੇ ਨਾਂਅ 'ਤੇ ਵਗਦੀ ਤੱਤੀ ਹਵਾ ਦੇ ਖ਼ਿਲਾਫ਼ 'ਗੁਸਤਾਖ਼ ਹਵਾ' ਹੈ। ਸਜੱਗ ਕਾਵਿ-ਤੋੜਾ ਤੋੜਦੀ ਹੈ।ਪਿਛਲੇ ਪੰਜ ਦਹਾਕਿਆਂ ਤੋਂ ਸਾਹਿਤ ਸਿਰਜਣ ਕਰ ਰਹੀ ਤੇ ਤਕਰੀਬਨ ਏਨੇ ਹੀ ਵਰ੍ਹਿਆਂ ਤੋਂ ਕੈਨੇਡਾ ਵਸਦੀ ਸੁਰਿੰਦਰ ਗੀਤ ਦੀ ਰੂਹ ਭਾਰਤ ਤੇ ਪੰਜਾਬ ਵਿਚ ਵੱਸਦੀ ਹੈ। ਇਸ ਦੀ ਗਵਾਹੀ ਉਸ ਦੀ ਕਵਿਤਾ ਤੇ ਕਹਾਣੀ ਦਿੰਦੀ ਹੈ।

—ਬਲਬੀਰ ਮਾਧੋਪੁਰੀ

ਆਵੋ ਮਿੱਤਰੋ

ਆਪਣੇ ਆਪ ਤੋਂ
ਆਪ ਛੁਪਾ ਕੇ
ਅੰਨ੍ਹੀਆਂ ਪੌਣਾਂ ਦਾ ਹੱਥ ਫੜ ਕੇ
ਜੋ ਚਾਨਣ ਨੂੰ ਲੱਭਣ ਜਾਂਦੇ
ਉਮਰਾ ਸਾਰੀ
ਠੇਡੇ ਖਾਂਦੇ
ਡਿੱਗ ਖਤਾਣੀਂ
ਹੱਡ ਤੁੜਵਾਉਂਦੇ
ਨਾਲ ਪੀੜਾ ਕੁਰਲਾਉਂਦੇ
ਆਵੋ ਮਿੱਤਰੋ!
ਰਲ ਕੇ ਬਹੀਏ
ਗੱਲਾਂ ਕਰੀਏ
ਕੁਝ ਕਹੀਏ
ਕੁਝ ਸੁਣੀਏ
ਇਕ ਦੂਜੇ ਦੇ ਬੋਲਾਂ ਵਿੱਚੋਂ
ਚਾਨਣ ਚੋ ਕੇ
ਚਾਨਣ ਪੀ ਕੇ
ਖ਼ੁਦ ਚਾਨਣ ਹੋ ਜਾਈਏ!

ਐ ਮੇਰੀ ਕਲਮ

ਮੇਰੀ ਕਲਮ
ਤੂੰ ਮੇਰੇ ਮਨ 'ਚ ਰਹਿ
ਏਨਾ ਡੂੰਘਾ ਲਹਿ
ਕਿ ਮੇਰੇ ਮਨ ਦੇ
ਹਰ ਫੁਰਨੇ ਨੂੰ ਜੀਭ ਲੱਗ ਜਾਵੇ
ਮੇਰਾ ਹਰ ਫੁਰਨਾ
ਉਹ ਆਵਾਜ਼ ਬਣ ਜਾਵੇ
ਜੋ ਉੱਚੇ ਮਹਿਲਾਂ ਨੂੰ
ਆਪਣੇ ਉੱਚੇ ਹੋਣ ਦਾ
ਭਰਮ ਭੁਲਾ ਦੇਵੇ
ਤੇ
ਝੁੱਗੀਆਂ ਨੂੰ
ਮਹਿਲਾਂ ਦੇ ਕਿੰਗਰਿਆਂ 'ਤੇ ਚਮਕਦੀ
ਆਪਣੇ ਖ਼ੂਨ ਦੀ ਕੋਰ ਦਿਖਾ ਦੇਵੇ

ਮੇਰੀ ਕਲਮ
ਤੂੰ ਮੇਰੇ ਮਨ 'ਚ ਰਹਿ
ਏਨਾ ਡੂੰਘਾ ਲਹਿ
ਕਿ ਮੇਰੇ ਮਨ ਦੇ ਹਰ ਫੁਰਨੇ ਨੂੰ
ਜੀਭ ਲੱਗ ਜਾਵੇ।

ਸੂਰਜ ਚੜ੍ਹਿਆ

ਸੂਰਜ ਚੜ੍ਹਿਆ
ਬੰਨਿਆਂ ਉਤੋਂ
ਸਰਕ ਸਰਕ ਧੁੱਪ
ਦਿਲ ਦੇ ਵਿਹੜੇ ਆਈ
ਜੀਵਨ ਦੇ ਲਈ
ਸ਼ਬਦ ਸੁਨੱਖੇ
ਸੁਖ਼ਨ ਸੁਨੇਹੇ
ਕਿਰਨਾਂ ਦੇ ਪੱਲਿਆਂ ਵਿਚ ਬੰਨ੍ਹ ਕੇ
ਮੇਰੇ ਲਈ ਲਿਆਈ

ਕੀ ਹੁੰਦਾ ਸਿਰ ਚੁੱਕ ਤੇ ਤੁਰਨਾ
ਤੇ ਫਿਰ ਸੀਸ ਕਟਾਉਣਾ
ਕੀ ਹੁੰਦਾ ਆਪੇ ਨੂੰ ਛੱਡ ਕੇ
ਲੋਕ ਹਿੱਤਾਂ ਲਈ ਗਾਉਣਾ
ਸੂਲਾਂ ਉੱਤੇ ਨੱਚ ਕੇ ਆਪਣਾ
ਰੁੱਸਿਆ ਯਾਰ ਮਨਾਉਣਾ
ਇਸ ਤੋਂ ਅੱਗੇ ਗੱਲ ਹੋਰ ਵੀ
ਮੈਂ ਨੂੰ ਛੱਡ ਕੇ
ਤੂੰ ਦੇ ਵਿੱਚ ਸਮਾਉਣਾ
ਆਪਣੀ ਹੋਂਦ ਮਿਟਾਉਣਾ
ਚੰਗਾ ਲੱਗਦੈ

ਧੁੱਪ ਦਾ ਆਉਣਾ
ਨੇਰ੍ਹ ਮਿਟਾਉਣਾ।

ਝੂਰ ਨਾ ਐਵੇਂ

ਹਿਲਦੀ ਕਾਪੀ
ਕੰਬਦੀ ਕਾਨੀ
ਹੱਥ ਵਿਚ ਤੱਕ ਕੇ
ਝੂਰ ਨਾ ਐਵੇਂ
ਜਿਉਂ ਜਿਉਂ ਤੇਰੀ ਉਮਰਾ ਢਲਦੀ
ਸ਼ਬਦਾਂ ਉੱਤੇ ਜਵਾਨੀ ਚੜ੍ਹਦੀ
ਹੱਕ ਤੇ ਸੱਚ ਦੇ
ਸੂਹੇ ਰੰਗ ਵਿਚ
ਤੇਰੀ ਕਵਿਤਾ
ਇਸ ਧਰਤੀ ਨੂੰ ਜਾਵੇ ਰੰਗਦੀ।

ਫੁੱਲ ਦੀ ਡੋਡੀ

ਟਾਹਣੀ ਉੱਤੇ
ਖਿੜਨੇ ਦੇ ਲਈ
ਜਦ ਰਾਜ ਸੱਤਾ ਤੋਂ
ਆਗਿਆ ਮੰਗੇ
ਬਾਗਾਂ ਦੇ ਰਖ਼ਵਾਲੇ ਖ਼ੁਦ ਹੀ
ਬਾਗਾਂ ਵਿੱਚ ਕਰਾਵਣ ਦੰਗੇ
ਉਦੋਂ ਸਾਡੀ ਧਰਤੀ ਕੰਬੇ
ਉਦੋਂ ਪੌਣ ਮਹਿਕ ਤੋਂ ਸੰਗੇ
ਉਦੋਂ ਕੁਦਰਤ ਦੇ ਰੰਗ ਸਾਰੇ
ਸੂਲੀ ਉੱਤੇ ਜਾਂਦੇ ਟੰਗੇ

ਗੀਤ ਗ਼ਜ਼ਲ ਕਵਿਤਾਵਾਂ ਉਦੋਂ
ਇਨਕਲਾਬ ਵਿੱਚ ਜਾਂਦੇ ਰੰਗੇ।

ਮਿਹਣਾ

ਮਾਂ ਧਰਤੀਏ
ਆਹ ਜੋ ਝੁੰਡਾਂ ਦੇ ਝੁੰਡ
ਬਲਾਤਕਾਰੀ ਬਘਿਆੜ
ਸਾਡੀਆਂ ਇੱਜ਼ਤਾਂ ਲੁੱਟਦੇ ਨੇ
ਅੰਗ ਅੰਗ ਨੋਚਦੇ ਨੇ
ਹੱਡੀਆਂ ਤੋੜਦੇ ਨੇ
ਜੀਭਾਂ ਵੱਢਦੇ ਨੇ
ਕੋਈ ਹੋਰ ਨਹੀਂ
ਤੇਰੇ ਸਿੰਘਾਸਣ 'ਤੇ ਬੈਠੇ
ਰਾਜ ਪਦਵੀਆਂ ਮਾਣਦੇ
ਸ਼ਹਿਨਸ਼ਾਹਾਂ ਦੀਆਂ
ਛਤਰੀਆਂ ਹੇਠ ਪਲਦੇ
ਤੇਰੇ ਆਪਣੇ ਪੁੱਤ ਨੇ
ਤੂੰ ਹੀ ਦੱਸ
ਹੈਵਾਨਾਂ ਤੋਂ ਡਰ
ਕਿੱਥੇ ਰਹੀਏ
ਕਿੱਥੇ ਬਹੀਏ
ਕਿਹੜੇ ਭੋਰੇ ਵਿੱਚ
ਜਾ ਲੁਕੀਏ
ਤੂੰ ਸਾਡੀਆਂ ਚੀਕਾਂ ਸੁਣ
ਖਾਮੋਸ਼ ਕਿਉਂ ਹੈਂ
ਸਾਡੀਆਂ ਆਹਾਂ ਸੁਣ
ਤੇਰੀ ਛਾਤੀ ਪਾਟ
ਕਿਉਂ ਨਹੀਂ ਜਾਂਦੀ
ਸਾਨੂੰ ਆਪਣੇ ਵਿੱਚ
ਸਮਾ ਕਿਉਂ ਨਹੀਂ ਲੈਂਦੀ
ਤੈਨੂੰ ਇਸ ਦੇਸ਼ ਦੀਆਂ
ਧੀਆਂ ਦਾ
ਇਹ ਮਿਹਣਾ ਹੈ
ਪਰ ਯਾਦ ਰੱਖ
ਅਤਿ ਵੇਲੇ
ਇੱਟ ਦਾ ਜਵਾਬ ਪੱਥਰ
ਹੁੰਦਾ ਹੈ
ਦਿਨ ਦੂਰ ਨਹੀਂ
ਜਦੋਂ ਸਾਡੇ ਗਰੀਬ ਮਾਪੇ
ਬੇ-ਵਸੀ ਦੇ ਆਲਮ 'ਚੋਂ
ਬਾਹਰ ਝਾਕਣਗੇ
ਸਾਡੀ ਇੱਜ਼ਤ ਦਾ ਮੁੱਲ
ਮੁੱਠੀ ਭਰ ਸਰਕਾਰੀ ਖੈਰ
ਤੇ ਛੋਟੇ ਵੀਰ ਨੂੰ ਬਖ਼ਸ਼ੀ
ਸਰਕਾਰੀ ਕੁਰਸੀ ਦੀ
ਮਿੱਠੀ ਮਿੱਠੀ ਜ਼ਹਿਰ
ਵਗਾਹ ਮਾਰਨਗੇ
ਤੇ ਉਦੋਂ
ਇਹ ਮਿਹਣਾ
ਸਾਡੀਆਂ ਰੂਹਾਂ ਦੀਆਂ
ਪੀੜਾਂ ਨਾਲ ਰਲ
ਸ਼ਕਤੀਸ਼ਾਲੀ ਬਗਾਵਤੀ ਵੇਗ ਬਣ
ਬਲਾਤਕਾਰੀ ਬਘਿਆੜਾਂ ਨੂੰ
ਛੱਤਰੀਆਂ ਸਣੇ
ਉੱਡਾ ਲੈ ਜਾਵੇਗਾ।

ਮੈਂ ਕਦੋਂ ਕਿਹਾ ਸੀ

ਮੈਂ ਕਦੋਂ ਕਿਹਾ ਸੀ
ਕਿ ਤੁਸੀਂ
ਮੇਰਾ ਗੀਤ ਸੁਣੋ
ਬੇਹੇ ਜਿਹੇ ਫੁੱਲਾਂ ਦਾ ਹਾਰ
ਮੇਰੇ ਗਲ 'ਚ ਪਾ ਕੇ
ਮੰਡੀ ਮੁਕਾਬਲੇ
ਤੇ ਮੁਨਾਫ਼ੇ ਦੀ ਭੀੜ ਵਿੱਚ ਧਕੇਲ ਦੇਵੋ।
ਮੈਂ ਤਾਂ ਸਿਰਫ਼
ਇਹ ਕਿਹਾ ਸੀ
ਕਿ ਮੇਰੇ ਗੀਤ ਨੂੰ
ਸਾਜ਼ਾਂ ਦੇ ਨਾਲ ਨਾਲ
ਤੁਰਨ ਦੇਵੋ
ਸੁਰਾਂ ਦੇ ਸਾਹਾਂ ਵਿੱਚ
ਸਾਹ ਰਲਾਉਣ ਦੇਵੋ
ਅਜ਼ਾਦ ਹਵਾ ਵਿੱਚ
ਸਾਹ ਲੈਣ ਦੇਵੋ
ਸੂਰਜ ਦੀਆਂ ਕਿਰਨਾਂ ਵਿੱਚ
ਨਹਾਉਣ ਦੇਵੋ
ਮੈਨੂੰ ਵੇਖ ਲੈਣ ਦੇਵੋ
ਫੁੱਲਾਂ ਦੇ ਖਿੜਨ ਦੇ ਢੰਗ ਤਰੀਕੇ
ਤੇ ਮੁਸਕਰਾਉਣ ਦੇ ਸਲੀਕੇ
ਸੱਚ ਲਈ ਮਰਨ ਦੇਵੋ
ਸੱਚ ਲਈ ਜੀਣ ਦੇਵੋ।

ਸੁੱਚੇ ਇਸ਼ਕ ਦਾ ਮਾਣ ਨਹੀਂ

ਅਮ੍ਰਿਤ ਜੀ;
ਤੁਹਾਨੂੰ ਮਾਣ ਸੀ
ਸੁੱਚੇ ਇਸ਼ਕ ਦਾ
ਅਸੀਂ
ਤੁਹਾਨੂੰ ਰਾਹਨੁਮਾ ਮੰਨਦੇ
ਤੁਰੇ ਇਸ਼ਕ ਦੇ ਪੰਧ...
ਹਰ ਵਾਰ ਫ਼ਰੇਬ ਦੇ ਤੀਰਾਂ ਨਾਲ
ਲਹੂ ਲੁਹਾਣ ਹੋਏ
ਕੋਸ਼ਿਸ਼ ਕੀਤੀ ਅਨੇਕ ਵਾਰ
ਹਰ ਦਫ਼ਾ
ਨਾਕਾਮ ਹੋਏ

ਖੇਡ ਉਹੀ
ਖਿਡਾਰੀ ਬਦਲੇ
ਅਸੀਂ ਅਨਾੜੀ ਵਾਂਗ
ਹਾਰੇ ਜੁਆਰੀ ਨਿਆਈਂ ਤਿਲਮਿਲਾਏ
ਆਪਣੀ ਨਾਕਾਮੀ 'ਚ ਸੜਦੇ
ਬੇਬਸੀ ਦੇ ਸਾਗਰੀਂ ਗੋਤੇ ਖਾਂਦੇ ਰਹੇ

ਕਦੇ ਕਿਸੇ ਦੇ ਕਮਾਲ ਬੋਲਾਂ ਜਖ਼ਮੀ ਕੀਤਾ
ਕਿਸੇ ਖੋਟੀ ਜ਼ੁਬਾਨ ਤੋਂ ਮਿਲੀ ਹੱਤਕ...
ਖ਼ਾਮੋਸ਼ ਕੀਤਾ
ਪਰ ਗਲ਼ਤੀ ਸਾਡੀ
ਕਿ
ਸੱਚੇ ਪਿਆਰ ਦੀ ਚਿਖਾ 'ਚ ਬਲਦੇ ਰਹੇ

ਤੇ
"ਤੂੰ ਤਾਂ ਪਾਗਲ
ਮੇਰਾ ਖਹਿੜਾ ਛੱਡਦੇ।"
ਜਾਂ
"ਵਿਅਸਤ ਹਾਂ
ਮਜ਼ਬੂਰੀਆਂ ਨੇ ਮੁਆਫ਼ ਕਰਦੇ।"
ਏਸ ਝੂਠ 'ਤੇ ਡਿੱਗਦੇ
ਤੇ ਟੁੱਟੇ ਮਨ ਨੂੰ
ਢਾਰਸ ਦੇਣ ਲਈ
ਇਹੋ ਆਖਦੇ ਰਹੇ;
ਕਦੇ ਤੇ ਸਾਡਾ ਇਮਰੋਜ਼ ਆਵੇਗਾ
ਅਮ੍ਰਿਤਾ ਵਾਂਗੂ ਸੁੱਚੇ ਇਸ਼ਕ ਦੇ ਮਾਣ ਦਾ
ਅਮ੍ਰਿਤਾ ਪਿਲਾਏਗਾ।

-ਕੰਚਨ ਮਹਿਤਾ

ਮੋਬਾ. 94172-08535

ਬੱਦਲਾਂ ਦਾ ਸ਼ਹਿਰ-ਚਕਰਾਤਾ

ਮੈਦਾਨੀ ਇਲਾਕੇ ਵਿੱਚੋਂ ਗਰਮੀ ਦਾ ਤਪਾਇਆ ਸਰੀਰ ਠੰਢੇ ਪਹਾੜੀ ਇਲਾਕੇ ਵਿੱਚ ਭੱਜਣ ਨੂੰ ਲੋਚਦੈ। ਭੱਜ-ਨੱਠ ਦੀ ਜ਼ਿੰਦਗੀ ਵਿੱਚੋਂ ਕੁਝ ਸਮਾਂ ਆਪਣੇ-ਆਪ ਲਈ ਕੱਢ ਕੇ ਸੈਰ-ਸਪਾਟਾ ਕਰ ਲੈਣਾ ਚਾਹੀਦੈ। ਇਹ ਸਰੀਰ ਅਤੇ ਰੂਹ ਨੂੰ ਤਰੋ-ਤਾਜ਼ਾ ਰੱਖਦੈ। ਪਹਾੜਾਂ ਦੀ ਯਾਦ ਆਉਂਦੇ ਹੀ ਕਸ਼ਮੀਰ, ਉੱਤਰਾਖੰਡ ਜਾਂ ਹਿਮਾਚਲ ਵਰਗੇ ਸੂਬਿਆਂ ਦੀ ਭੂਗੋਲਿਕ ਸਥਿਤੀ ਮਨ ਨੂੰ ਟੁੰਬਦੀ ਹੈ।ਉੱਤਰਾਖੰਡ ਉੱਤਰ ਪ੍ਰਦੇਸ਼ ਵਿੱਚੋਂ ਹੀ ਕੱਢ ਕੇ ਬਣਾਇਆ ਪਹਾੜੀ ਸੂਬਾ ਹੈ। ਇਸ ਦਾ ਆਪਣਾ ਹੀ ਨਿਵੇਕਲਾ ਸੱਭਿਆਚਾਰ ਤੇ ਵਾਤਾਵਰਨ ਹੈ। ਚਕਰਾਤਾ ਉੱਤਰਾਖੰਡ ਵਿੱਚ ਵਸਿਆ ਬਹੁਤ ਹੀ ਠੰਢਾ ਅਤੇ ਰਮਣੀਕ ਖੇਤਰ ਹੈ, ਜੋ ਕਿ ਆਮ ਘੁਮੱਕੜਾਂ ਲਈ ਅਜੇ ਅਣਗੌਲਿਆ ਹੀ ਹੈ। ਇੱਥੇ ਮਸ਼ਹੂਰ ਪਹਾੜੀ ਸਥਲਾਂ ਵਰਗਾ ਭੀੜ-ਭੜੱਕਾ ਨਹੀਂ ਹੈ। ਸ਼ਾਂਤ ਮਾਹੌਲ ਅਤੇ ਠੰਢ ਦੇ ਦੀਵਾਨੇ ਹੀ ਇਧਰ ਨੂੰ ਭੱਜਦੇ ਹਨ। ਚਕਰਾਤਾ ਦੀ ਭੂਗੋਲਿਕ ਸਥਿਤੀ ਲਾਜਵਾਬ ਹੈ। ਇੱਥੇ ਬਹੁਤ ਸਾਰੇ ਵੱਖ-ਵੱਖ ਸੜਕੀ ਰਸਤਿਆਂ ਰਾਹੀਂ ਪੁੱਜਿਆ ਜਾ ਸਕਦੈ।ਚਕਰਾਤਾ ਆਰਮੀ ਦੀ ਕੰਟੋਨਮੈਂਟ ਹੈ।ਇਸੇ ਕਰਕੇ ਇੱਥੇ ਪੁੱਜਣ ਲਈ ਸੜਕੀ ਮਾਰਗ ਲਾਜਵਾਬ ਹੈ। ਸੜਕਾਂ ਬੇਹੱਦ ਸਾਫ-ਸੁਥਰੀਆਂ ਹਨ। ਆਵਾਜਾਈ ਵੀ ਬਹੁਤ ਘੱਟ ਹੈ। ਚਕਰਾਤਾ ਫੌਜ ਦੀ ਛਾਉਣੀ ਹੋਣ ਕਰਕੇ ਵਿਦੇਸ਼ੀ ਯਾਤਰੀਆਂ ਦਾ ਇੱਥੇ ਦਾਖਲਾ ਬਿਲਕੁਲ ਬੰਦ ਹੈ। ਕੋਈ ਵੀ ਵਿਦੇਸ਼ੀ ਯਾਤਰੀ ਇਸ ਰਸਤੇ 'ਤੇ ਨਜ਼ਰੀਂ ਨਹੀਂ ਪੈਂਦਾ। ਇਹ ਉਹੀ ਚਕਰਾਤਾ ਹੈ, ਜਿੱਥੇ 1984 ਵਿੱਚ ਸ੍ਰੀ ਅੰਮ੍ਰਿਤਸਰ ਵਿੱਚ ਭਾਰਤੀ ਫੌਜ ਵੱਲੋਂ ਸਾਕਾ ਨੀਲਾ ਤਾਰਾ ਦੌਰਾਨ ਕੀਤੇ ਗਏ ਹਮਲੇ ਦੀ ਟ੍ਰੇਨਿੰਗ ਕੁਝ ਮਹੀਨੇ ਪਹਿਲਾਂ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ ਦਿੱਤੀ ਗਈ ਸੀ। ਚਕਰਾਤਾ ਦੀ ਸਮੁੰਦਰੀ ਤਲ ਤੋਂ ਉਚਾਈ 2130 ਮੀਟਰ ਹੈ। ਇੱਥੇ ਪੁੱਜਣ ਲਈ ਪਹਿਲਾਂ ਪਾਉਂਟਾ ਸਾਹਿਬ ਜਾਣਾ ਪੈਂਦਾ ਹੈ, ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜ਼ਿੰਦਗੀ ਦੇ ਚਾਰ ਸਾਲ ਗੁਜ਼ਾਰੇ ਸਨ। ਉਹਨਾਂ ਨਾਲ ਸੰਬੰਧਤ ਬਹੁਤ ਸਾਰੇ ਗੁਰਦੁਆਰਾ ਸਾਹਿਬਾਨ ਇੱਥੇ ਸੁਸ਼ੋਭਿਤ ਹਨ। ਭੰਗਾਣੀ ਦਾ ਯੁੱਧ ਵੀ ਇੱਥੇ ਹੀ ਲੜਿਆ ਗਿਆ ਸੀ। ਪਾਉਂਟਾ ਸਾਹਿਬ ਤੋਂ ਚਕਰਾਤੇ ਦਾ ਸਫਰ 74 ਕਿਲੋਮੀਟਰ ਹੈ ਅਤੇ ਦੋ ਕੁ ਘੰਟੇ ਲੱਗਦੇ ਹਨ। ਉੱਤਰਾਖੰਡ ਦੀ ਰਾਜਧਾਨੀ ਦੇਹਰਾਦੂਨ ਤੋਂ ਇਸ ਦੀ ਦੂਰੀ ਲੱਗਭੱਗ 92 ਕਿਲੋਮੀਟਰ ਹੈ ਅਤੇ ਵਿਕਾਸ ਨਗਰ ਰਾਹੀਂ ਹੋ ਕੇ ਇੱਥੇ ਅੱਪੜਿਆ ਜਾ ਸਕਦੈ ਅਤੇ ਮਸੂਰੀ ਤੋਂ ਰਾਸ਼ਟਰੀ ਮਾਰਗ ਨੰਬਰ 58 ਤੋਂ 83 ਕਿਲੋਮੀਟਰ ਸਫ਼ਰ ਤਹਿ ਕਰਕੇ ਇੱਥੇ ਪੁੱਜੀਦੈ। ਹਰਿਆਲੀ, ਮਹਿਕਾਂ ਖਿਲਾਰਦੇ ਜੰਗਲੀ ਫੁੱਲ ਅਤੇ ਲੰਮ-ਸਲੰਮੇ ਦਰੱਖ਼ਤ ਰਾਹੀਆਂ ਦਾ ਸਵਾਗਤ ਕਰਦੇ ਹਨ। ਚਕਰਾਤਾ ਵਿੱਚ ਹਰ ਸਮੇਂ ਮੌਸਮ ਖ਼ੁਸ਼ਗਵਾਰ ਹੀ ਰਹਿੰਦੈ। ਅਕਸਰ ਬੱਦਲ ਪੈਰਾਂ ਤੋਂ ਹੇਠਾਂ ਹੀ ਘੁੰਮਦੇ ਪ੍ਰਤੀਤ ਹੁੰਦੇ ਨੇ। ਦਿਨ ਵਿੱਚ ਕਈ ਵਾਰ ਮੀਂਹ ਪੈ ਜਾਂਦੈ। ਗਰਮੀਆਂ ਵਿੱਚ ਇੱਥੇ ਵੱਧ ਤੋਂ ਵੱਧ ਤਾਪਮਾਨ 30 ਡਿਗਰੀ ਅਤੇ ਘੱਟ ਤੋਂ ਘੱਟ 10 ਡਿਗਰੀ ਹੋ ਜਾਂਦੈ, ਜਦ ਕਿ ਸਿਆਲਾਂ ਵਿੱਚ ਵੱਧੋ-ਵੱਧ 15 ਅਤੇ ਘੱਟੋ-ਘੱਟ ਮਨਫੀ 5 'ਤੇ ਵੀ ਅੱਪੜ ਜਾਂਦੈ। ਸਿਆਲਾਂ ਵਿੱਚ ਇੱਥੇ ਬਰਫਬਾਰੀ ਹੁੰਦੀ ਹੈ। ਜਿਵੇਂ-ਜਿਵੇਂ ਸੈਲਾਨੀਆਂ ਨੂੰ ਇਸ ਦੇ ਬਾਰੇ ਪਤਾ ਲੱਗ ਰਿਹੈ, ਉਵੇਂ-ਉਵੇਂ ਹੀ ਨਵੇਂ ਹੋਟਲਾਂ ਦੀ ਤਾਮੀਰ ਹੋ ਰਹੀ ਹੈ। ਹੋਟਲ ਅਤੇ ਰਹਿਣ-ਬਸੇਰੇ ਕੋਈ ਜ਼ਿਆਦਾ ਮਹਿੰਗੇ ਨਹੀਂ ਹਨ। ਖਾਣਾ ਬਹੁਤ ਹੀ ਸਵਾਦਿਸ਼ਟ ਅਤੇ ਘਰ ਵਰਗਾ ਹੀ ਮਿਲ ਜਾਂਦੈ। ਲੋਕ ਵੀ ਮਿਲਣਸਾਰ ਅਤੇ ਖੁਸ਼ਤਬੀਅਤ ਹਨ। ਸ਼ਹਿਰ ਦੇ ਐਨ ਵਿਚਕਾਰ ਇੱਕ ਨਿੱਕਾ ਜਿਹਾ ਬਾਜ਼ਾਰ ਹੈ, ਜਿੱਥੇ ਹਰ ਸ਼ੈਅ ਮਿਲ ਜਾਂਦੀ ਹੈ। ਇੱਥੋਂ ਦੇ ਰਾਜਮਾਹ, ਚੌਲ, ਮਸਾਲੇ ਅਤੇ ਦਾਲਾਂ ਵੱਖਰੇ ਕਿਸਮ ਦੇ ਹਨ, ਜੋ ਖਾਣ ਨੂੰ ਬੜੇ ਹੀ ਲਾਜੀਜ਼ ਹਨ। 17 ਕੁ ਕਿਲੋਮੀਟਰ ਅੱਗੇ ਜਾ ਕੇ ਟਾਈਗਰ ਫਾਲ ਨਾਂਅ ਦਾ ਇੱਕ ਝਰਨਾ ਹੈ, ਜਿੱਥੇ ਜਾ ਕੇ ਸੈਲਾਨੀ ਨਹਾਉਂਦੇ ਅਤੇ ਅਠਖੇਲੀਆਂ ਕਰਦੇ ਹਨ। ਝਰਨੇ ਵਿੱਚ ਨਹਾ ਕੇ ਰੂਹ ਤਰੋ-ਤਾਜ਼ਾ ਹੋ ਜਾਂਦੀ ਹੈ।

ਇਹ ਝਰਨਾ ਕੁਦਰਤੀ ਰੂਪ ਵਿੱਚ ਹੀ ਪੱਥਰਾਂ ਵਿੱਚੋਂ ਬਰਫ ਦਾ ਪਾਣੀ ਖੁਰ ਕੇ ਬਣਿਆ ਹੈ। ਇਹ ਦੇਸ਼ ਦੇ ਸਭ ਤੋਂ ਉੱਚੇ ਝਰਨਿਆਂ ਵਿੱਚੋਂ ਇੱਕ ਹੈ, ਜਿੱਥੇ ਲੱਗਭੱਗ 312 ਫੁੱਟ ਉਚਾਈ ਤੋਂ ਪਾਣੀ ਡਿੱਗਦਾ ਹੈ। ਪਾਣੀ ਸਾਫ ਅਤੇ ਨਿਰਮਲ ਹੈ। ਸ਼ਾਮ ਨੂੰ ਲੋਕ ਸਨਸੈੱਟ ਪੁਆਇੰਟ '

16 Feb PAGE-7.qxd 2/15/2025 10:54 PM Page 2

ਸੁਰ-ਸੰਗੀਤ ਦੇ ਹੀਰੇ-5

ਬਾਬਾ ਸੋਂਦੇ ਖ਼ਾਂ

ਪ੍ਰੋ. ਬੀ ਆਰ ਦਿਓਧਰ

ਉਲੱਥਾਕਾਰ : ਮਕਸੂਦ ਸਾਕਿਬ

ਗੁਰਮੁਖੀ ਉਲੱਥਾਕਾਰ : ਜੋਗਿੰਦਰ ਪਾਲ ਮਾਨ

ਖ਼ਾਨ ਸਾਹਿਬ ਸੋਂਦੇ ਖ਼ਾਂ ਨਾਲ ਮੈਂ ਉਹਨਾਂ ਉੱਤੇ ਮਜ਼ਮੂਨ ਲਿਖਣ ਦੀ ਗੱਲ ਕੀਤੀ ਤਾਂ ਪੁੱਛਿਆ, "ਦਾਰੂ ਦੀ ਹਿਲਤ (ਆਦਤ) ਦਾ ਲਿਖਾਂ ਚਾ ਤੇ ਗੁੱਸੇ ਤਾਂ ਨਾ ਹੋਸੋ?" ਆਖਣ ਲੱਗੇ, ਜ਼ਰੂਰ ਲਿਖੋ, ਹਿਲਤ ਕੇਹੜੀ ਅੱਜ ਦੀ ਦੇ ਨਾਲ਼ੇ ਮੈਂ ਕੋਈ ਲੁਕਾਨਾਂ। ਨਿਸ਼ੰਗ ਬੰਦਾ ਆਂ। ਮੈਨੂੰ ਕੇਹੜਾ ਪ੍ਰਵਾਹ ਏ ਕਿਸੇ ਦੀ।"

"ਖ਼ਾਨ ਸਾਹਿਬ, ਤੁਸੀਂ ਕਿੱਥੇ ਜੰਮੇ?"

"ਖ਼ਬਰੇ ਸਿੰਧ ਸੀ ਕਿ ਪੰਜਾਬ?"

"ਪੱਕਾ ਦੱਸੋ।"

"ਸਿੰਧ ਸਮਝ ਲੌ ਯਾ ਪੰਜਾਬ...ਜੰਮਿਆ ਤਾਂ ਮੈਂ ਪੱਕ ਨਾਲ਼ ਆਂ।"

"ਤੁਹਾਨੂੰ ਪੱਕ ਏ ਪਈ ਤੁਸਾਂ ਜੰਮੇ?"

ਖ਼ਾਨ ਸਾਹਿਬ ਟਾਹ-ਟਾਹ ਕਰਕੇ ਹੱਸ ਪਏ, "ਅਨਪੜ੍ਹ ਆਂ। ਕਿਉਂ ਮਖ਼ੌਲ ਕਰਦੇ ਓ। ਜੰਮਣ ਭੋਇੰ ਦਾ ਨਾ ਪਿਉ ਦੱਸਿਆ, ਨਾ ਮੈਂ ਪੁੱਛਿਆ।"

ਖ਼ਾਨ ਸਾਹਿਬ ਦੇ ਅਜ਼ਾਦ ਤੇ ਮਨ ਮੌਜੀ ਹੋਵਣ ਦੀ ਜਾਂਚ ਏਹਨਾਂ ਗੱਲਾਂ ਤੋਂ ਈ ਹੋ ਜਾਂਦੀ ਏ। ਏਹ ਵੀ ਸਮਝ ਆ ਜਾਂਦੀ ਏ ਉਹ ਚੰਗੇ-ਮਾੜੇ ਦੀ ਪ੍ਰਵਾਹ ਨਹੀਂ ਸਨ ਕਰਦੇ।

ਜੂਨ 1918 ਵਿੱਚ ਮੈਂ ਸੰਗੀਤ ਵਿੱਦਿਆ ਲਈ ਗੰਧਰਵ ਮਹਾ ਵਿੱਦਿਆਲੇ ਭਰਤੀ ਹੋਇਆ। ਸੈਂਡ ਹਰਸਟ ਰੋਡ ਉੱਤੇ ਵਿੱਦਿਆਲਾ ਤਿੰਨ ਮੰਜ਼ਲੀ ਉਸਾਰੀ ਸੀ। ਹੇਠਾਂ ਸਜ਼ਾ ਬਣਾਵਣ ਤੇ ਵੇਚਣ ਦੀ ਦੁਕਾਨ ਸੀ। ਉੱਥੇ ਅਕਸਰ ਇਕ ਕਾਲ਼ੇ ਚੋਲ਼ੇ ਵਾਲਾ ਫ਼ਕੀਰ ਇਕਤਾਰਾ ਫੜੀ ਆਇਆ ਕਰਦਾ। ਗਲ਼ ਵਿੱਚ ਹਾਰ ਵੀ ਪਾਏ ਹੁੰਦੇ। ਕੁਰਸੀ ਤੇ ਬਹਿ ਜਾਂਦਾ ਤੇ ਗਾਵਣ ਲੱਗ ਪੈਂਦਾ। ਪੰਡਤ ਭਾਤ ਖੰਡੇ ਦੇ ਲਕਸ਼ਨ ਗੀਤ ਬੜੇ ਚੱਲੇ ਹੋਏ ਸਨ। ਫ਼ਕੀਰ ਤਿੰਨ ਚਾਰ ਲਕਸ਼ਨ ਗੀਤ ਗਾਉਂਦਾ, ਸ਼ੁਦਾਈਆਂ ਵਾਕਣ ਹੱਸਦਾ ਤੇ ਫੇਰ ਪੁਰਾਣੀਆਂ ਚੀਜ਼ਾਂ ਗਾਉਣ ਲੱਗ ਪੈਂਦਾ। ਅਖ਼ੀਰ ਤੇ ਪੰਡਤ ਹੋਰਾਂ ਦੀ ਖ਼ੈਰ-ਮਿਹਰ ਪੁੱਛਦਾ ਤੇ ਮੁੜ ਜਿੱਧਰੋਂ ਆਇਆ ਹੁੰਦਾ ਓਧਰ ਈ ਮੂੰਹ ਕਰ ਜਾਂਦਾ।

ਉਹ ਕੌਣ ਸੀ, ਕਿੱਥੋਂ ਦਾ ਸੀ ਯਾ ਨਾਂ ਕੀ ਸਾ ਸੂ...ਸਾਨੂੰ ਕੱਖ ਪਤਾ ਨਹੀਂ ਸੀ। ਅਸੀਂ ਉਹਨੂੰ ਝੱਲਾ ਫ਼ਕੀਰ ਆਖਦੇ ਤੇ ਟਿਚਕਰਾਂ ਕਰ-ਕਰ ਹੱਸਦੇ। ਸਾਡੀ ਮਰਾਠੀ ਉਹਦੇ ਪਿਤ੍ਰ-ਪੱਲੇ ਨਾ ਪੈਂਦੀ ਪਰ ਜਦੋਂ ਅਸੀਂ ਥੱਲੇ ਬਹਿ ਕੇ ਚੁੱਪ-ਚਾਣ ਸੁਣਦੇ ਤਾਂ ਬੜਾ ਰਾਜ਼ੀ ਹੁੰਦਾ। ਉਹਦਾ ਵਾਜ ਬੜਾ ਤਗੜਾ ਤੇ ਕਮਾਇਆ ਹੋਇਆ ਸੀ। ਫੇਰ ਜੇਡੇ ਚੱਜ ਨਾਲ ਉਹ "ਚੀਜ਼ਾਂ" ਗਾਉਂਦਾ, ਬੜਾ ਸੋਹਣਾ ਲੱਗਦਾ। ਵਿੱਦਿਆਲੇ ਦਾ ਹਰ ਬੰਦਾ ਏਹੋ ਆਖਦਾ ਸੀ।

1919 ਵਿੱਚ ਅਸੀਂ ਸਾਰੇ ਸ਼ਾਗਿਰਦ ਸਾਲਾਨਾ ਸੰਗੀਤ ਮੇਲੇ ਦੀਆਂ ਤਿਆਰੀਆਂ ਵਿੱਚ ਲੱਗੇ ਹੋਏ ਸਾਂ। ਪੰਡਤ ਬਾਲ ਕ੍ਰਿਸ਼ਨ ਬੂਵਾ ਦੀ ਪ੍ਰਧਾਨਗੀ ਦੀ ਆਸ ਸੀ। ਪ੍ਰਾਰਥਨਾ (ਦੁਆ) ਤੋਂ ਪਿੱਛੇ ਅਸੀਂ ਕੁਝ ਲੋਕ ਗੱਪਾਂ ਮਾਰਨ ਹੇਠਾਂ ਦੁਕਾਨ ਤੇ ਚਲੇ ਗਏ। ਬੂਹੇ ਵਿਚੋਂ ਸਾਨੂੰ ਉਹੋ ਫ਼ਕੀਰ ਬੈਠਾ ਵਖਾਲ਼ੀ ਦਿੱਤਾ। ਚੀਜ਼ਾਂ ਲੈਣ ਮਾਰੇ ਅਸੀਂ ਜਾ ਕੇ ਉਹਨੂੰ ਗਾਉਣ ਦਾ ਆਖਣ ਲੱਗੇ। ਉਹ ਮੰਨ ਗਿਆ ਤੇ ਗਾਉਣ ਕੱਢ ਡੜ੍ਹਿਆ (ਡਹਿਣਾ, ਵਿਛਿਆ ਹੋਇਆ (ਸ਼ੁਰੂ ਕੀਤਾ)। ਅਸੀਂ ਉਹਦਾ ਬਖੇੜਾ ਬਣਾਵਣ ਲੱਗ ਪਏ। ਖ਼ਬਰੇ ਕੇਹੜੇ ਵੇਲੇ ਪੰਡਤ ਵਿਸ਼ਨੂੰ ਦਗੰਬਰ ਪੌੜੀਆਂ ਤੇ ਆਏ, ਸਾਨੂੰ ਪਤਾ ਈ ਨਾ ਲੱਗਾ। ਉਨ੍ਹਾਂ ਸਾਡੇ ਉੱਚੀ-ਉੱਚੀ ਹੱਸਣ ਤੇ ਫ਼ਕੀਰ ਦੇ ਗਾਵਣ ਦੀ ਅਵਾਜ਼ ਸੁਣੀ ਤਾਂ ਦੁਕਾਨ ਦੇ ਅੰਦਰ ਆ ਗਏ। ਉਹ ਗੁੱਸੇ ਨਾਲ ਸਾਨੂੰ ਝਾੜਦਿਆਂ ਆਖਣ ਲੱਗੇ, "ਖ਼ਾਨ ਸਾਹਿਬ ਸਿੰਧ ਦੇ ਇਕ ਬਹੁਤ ਵੱਡੇ ਗਵੱਈਏ ਦੇ ਪੁੱਤਰ ਨੇਂ, ਆਪੂੰ ਵੀ ਇਕ ਵੱਡੇ ਕਲਾਕਾਰ ਨੇਂ। ਇਹਨਾਂ ਦਾ ਨਾਂ ਸੋਂਦੇ ਖ਼ਾਂ ਏ। ਏਹਨਾਂ ਦਾ ਆਦਰ ਕਰਿਆ ਕਰੋ। ਖ਼ਬਰਦਾਰ ਕਿਸੇ ਬੇਅਦਬੀ ਕੀਤੀ ਤੇ।" ਪੰਡਤ ਜੀ ਏਨਾ ਆਖ ਕੇ ਕੁਰਸੀ ਤੇ ਬਹਿ ਗਏ ਤੇ ਸੋਂਦੇ ਖ਼ਾਂ ਤੋਂ ਵੱਖ-ਵੱਖ ਰਾਗਾਂ ਦੇ ਅਸਥਾਈ ਅੰਤਰੇ ਸੁਣਨ ਲੱਗ ਪਏ। ਮੁੜ ਉਹਨਾਂ ਖ਼ਾਨ ਸਾਹਿਬ ਨੂੰ ਪੈਸੇ ਦਿੱਤੇ। ਖ਼ਾਨ ਸਾਹਿਬ ਦੇ ਚਲੇ ਜਾਣ ਮਗਰੋਂ ਮੈਨੂੰ ਬੜਾ ਝੋਰਾ ਲੱਗਾ ਏਡੇ ਵੱਡੇ ਕਲਾਕਾਰ ਨਾਲ਼ ਕੁੜ ਪੁਣਾ ਕਰਦਾ ਰਹਿਆਂ। ਉਹ ਦਿਨ ਗਿਆ ਤੇ ਦੂਜਾ ਆਇਆ, ਮੈਂ ਹਮੇਸ਼ ਉਹਨਾਂ ਦਾ ਆਦਰ ਈ ਕੀਤਾ।

ਪੰਡਤ ਬਾਲ ਕ੍ਰਿਸ਼ਨ ਬੂਵਾ ਬੰਬਈ ਵਿੱਚ ਈ ਸਨ। ਕੁਝ ਮਾਂਦੇ ਹੋਣ ਪਾਰੋਂ ਉਹ ਵਿੱਦਿਆਲੇ ਦੀ ਤੀਜੀ ਮੰਜ਼ਲ ਤੇ ਇਕ ਕਮਰੇ ਵਿੱਚ ਲੇਮੇ ਪਏ ਸਨ। ਖ਼ਾਨ ਸਾਹਿਬ ਸੋਂਦੇ ਖ਼ਾਂ ਉਹਨਾਂ ਦਾ ਪੁੱਛਣ ਆਏ। ਅਸਾਂ ਜਾ ਕੇ ਦੱਸਿਆ ਤਾਂ ਪੰਡਤ ਜੀ ਨੇ ਉੱਤੇ ਈ ਸੱਦ ਲਿਆ। ਖ਼ਾਨ ਸਾਹਿਬ ਆਪਣੀ ਪਛਾਣ ਕਰਾਣ ਲੱਗੇ, "ਪੰਡਤ ਜੀ, ਮੈਂ ਅਮੀਰ ਖ਼ਾਂ ਦਾ ਪੁੱਤਰ ਸੋਂਦੇ ਖ਼ਾਂ ਆਂ।" ਬੂਵਾ ਸਾਹਿਬ ਅੱਖਾਂ ਮੀਟੀ ਲੇਮੇ ਪਏ ਰਹੇ, ਫੇਰ ਕਹਿਣ ਲੱਗੇ, "ਅਮੀਰ ਖ਼ਾਂ ਦੀ ਕੋਈ ਚੀਜ਼ ਸੁਣਾਵੋਂ ਤਾਂ ਉਹਦਾ ਪੁੱਤਰ ਵੀ ਮੰਨ ਲਵਾਂਗੇ।" ਖ਼ਾਨ ਸਾਹਿਬ ਨੇ ਰਾਗ ਛਾਇਆ ਨਟ ਦਾ, "ਸਗਰੀਵਾ ਰਾਮ ਕਿਰਪਾ" ਖ਼ਿਆਲ ਗੰਵਿਆ। ਬੂਵਾ ਸਾਹਿਬ ਨੇ ਅੱਖਾਂ ਉਘੇੜ ਕੇ ਬਹੁੰ ਗਹੁ ਨਾਲ ਉਹਨਾਂ ਨੂੰ ਤੱਕਿਆ ਤੇ ਬੋਲੇ, "ਆਹੋ ਬਈ ਗਾਣੇ ਤੇ ਮੁਹਾਂਦਰੇ...ਦੋਵਾਂ ਸਾਬਤ ਕਰ ਦਿੱਤਾ ਏ, ਤੂੰ ਅਮੀਰ ਖ਼ਾਂ ਦਾ ਈ ਪੁੱਤਰ ਏਂ। ਜਿੰਨਾ ਚਿਰ ਮੈਂ ਏਥੇ ਆਂ ਤੇਰੇ ਲਈ ਸਾਰੇ ਬੂਹੇ ਖੁੱਲੇ ਨੇਂ। ਜਦੋਂ ਜੀ ਚਾਹਵੇ ਆ ਸਕਨਾ ਏਂ।"

1923 ਵਿੱਚ ਮੇਰੀ ਸਿੱਖਿਆ ਪੂਰੀ ਹੋ ਗਈ। ਮੈਂ ਵਿਦਿਆਲਾ ਛੱਡ ਦਿੱਤਾ। ਕਦੀਂ-ਕਦਾਈਂ ਖ਼ਾਨ ਸਾਹਿਬ ਲੰਘਦਿਆਂ-ਟੱਪਦਿਆਂ ਟੱਕਰ ਪੈਂਦੇ। ਸਲਾਮ ਝੱਲਣ ਮਗਰੋਂ ਮੇਰੇ ਤੇ ਪੰਡਤ ਜੀ ਦੀ ਸੁੱਖ-ਸਾਂਦ ਪੁੱਛਦੇ ਤੇ ਮੁੜ ਆਪਣੇ ਰਾਹੇ ਪੈ ਜਾਂਦੇ।

1925-26 ਦੀ ਗੱਲ ਏ, ਖ਼ਾਨ ਸਾਹਿਬ ਮੈਨੂੰ ਇਕ ਗਲ਼ੀ ਵਿੱਚ ਟੁਰੇ ਜਾਂਦੇ ਮਿਲ਼ ਪਏ। ਮੈਂ ਆਪਣੇ ਨਾਲ਼ ਘਰ ਲੈ ਗਿਆ। ਉਹਨਾਂ ਮੈਨੂੰ ਦਰਜਣੋਂ ਚੋਖੇ ਅਸਥਾਈ ਅੰਤਰੇ ਸੁਣਾਏ। ਇਹ ਚੀਜ਼ਾਂ ਏਨੀਆਂ ਸੋਹਣੀਆਂ ਸਨ, ਮੇਰਾ ਦਿਲ ਆ ਗਿਆ। ਮੈਂ ਖ਼ਾਨ ਸਾਹਿਬ ਤੋਂ ਟਿਊਸ਼ਨ ਤੇ ਸਿੱਖਣ ਲਈ ਤਿਆਰ ਹੋ ਗਿਆ। ਉਹ "ਅੱਛਾ" ਕਰਕੇ ਗਏ ਤੇ ਪੂਰਾ ਵਰ੍ਹਾ ਮੱਥੇ ਈ ਨਾ ਲੱਗੇ। ਮੁੜ ਕੇ ਜੇ ਮਿਲਣ ਵੀ ਤਾਂ ਵਰ੍ਹੇ ਵਿੱਚ ਇਕ ਵਾਰੀ। ਉਹ ਵੀ ਇੰਜ, ਸਕੂਲ ਆ ਜਾਂਦੇ, ਥੋੜ੍ਹਾ-ਬਾਹਲ਼ਾ ਗਾ ਕੇ ਸੁਣਾਂਦੇ। ਪੈਸੇ-ਧੇਲੇ ਦੀ ਲੋੜ ਹੁੰਦੀ ਤਾਂ ਮੂੰਹੋਂ ਮੰਗ ਲੈਂਦੇ। ਫੇਰ ਅਗਲੇ ਵਰ੍ਹੇ ਉਹਨਾਂ ਦੀ ਸ਼ਕਲ ਦਿਸਦੀ। ਹਰ ਵਾਰੀ ਮੈਂ ਉਹਨਾਂ ਤੋਂ ਸਿੱਖਣ ਦਾ ਤਰਲਾ ਲੈਂਦਾ। ਉਹ ਆਹੋ ਕਰ ਛੱਡਦੇ ਪਰ ਸਿਖਾਵਣ ਵਾਲ਼ੇ ਪਾਸੇ ਨਾ ਆਉਂਦੇ।

1941 ਵਿੱਚ ਸਾਡਾ ਸਕੂਲ ਉਪੇਰਾ ਹਾਊਸ ਦੇ ਸਾਹਮਣੇ ਚਲਾ ਗਿਆ। ਖ਼ਾਨ ਸਾਹਿਬ ਦਾ ਉਥੇ ਵੀ ਫੇਰਾ-ਟੋਰਾ ਹੋਣ ਲੱਗ ਪਿਆ। ਮੈਂ ਉਹੋ ਪੁੱਛਣ ਦੱਸਣ ਦਾ ਹਾੜਾ ਕਰਦਾ। ਉਹ ਉਂਜੇ ਪਹਿਲੇ ਵਾਕਣ ਫੋਕਾ ਹੁੰਗਾਰਾ ਭਰਦੇ ਤੇ ਮੁੜ ਵਰ੍ਹੇ-ਛਮਾਹੀ ਈ ਪਰਤਦੇ। ਉਹਨਾਂ ਦਾ ਸਿਖਾਉਣ ਤੇ ਦਿਲ ਈ ਨਹੀਂ ਸੀ। ਮੈਂ ਵੀ ਰੂਹ ਆਕਰਾ (ਤਗੜਾ, ਮਜ਼ਬੂਤ) ਕਰ ਲਿਆ। ਨਹੀਂ ਤੇ ਨਾ ਸਹੀ, ਏਡੀਆਂ ਚੰਗੀਆਂ ਚੀਜ਼ਾਂ ਸੁਣਨ ਨੂੰ ਤਾਂ ਲੱਭ ਈ ਜਾਂਦੀਆਂ ਨੇਂ।

1942 ਵਿੱਚ ਮੇਰੇ ਬੇਲੀ ਜਗਨ ਨਾਥ ਬੂਵਾ ਪ੍ਰੋਹਤ ਕਿਧਰੇ ਅੱਗੇ ਜਾਂਦੇ ਹੋਏ ਮੈਨੂੰ ਮਿਲਣ ਸਕੂਲ ਆ ਗਏ। ਰੱਬ ਸੱਬੀਂ ਖ਼ਾਨ ਸਾਹਿਬ ਵੀ ਉਸੇ ਵੇਲੇ ਕਿੱਧਰੋਂ ਆਣ ਢੁੱਕੇ। ਜਗਨ ਨਾਥ ਉਹਨਾਂ ਦੇ ਪਿੱਛੇ ਪੈ ਗਏ। ਖ਼ਾਨ ਸਾਹਿਬ ਚੰਗੇ ਰੌਂ (ਵਿਚ) ਸਨ। ਮੰਨ ਗਏ, ਆਖਣ ਲੱਗੇ, "ਦਿਓਧਰ ਸਾਹਿਬ ਮੇਰੀ ਬੜੀ ਇੱਜ਼ਤ ਕਰਦੇ ਨੇਂ, ਵੇਲੇ-ਕੁਵੇਲੇ ਮੇਰੇ ਕੰਮ ਵੀ ਆਉਂਦੇ ਨੇਂ। ਮੈਂ ਏਹਨਾਂ ਨੂੰ ਢਿੱਡੋਂ ਸਿਖਾਣਾ ਚਾਹਨਾਂ ਪਰ ਸਾਡੇ ਘਰਾਣੇ ਦਾ ਟੀਚਾ ਏ ਅਸੀਂ ਜੀਵੇਂ ਅਖਵਾਈਏ ਸ਼ਾਗਿਰਦ ਉੱਜੇ ਈ ਆਖੇ। ਸ਼ਾਗਿਰਦਾਂ ਨੂੰ ਮੇਰੇ ਬੋਲ ਤੇ ਹਰਕਤਾਂ (ਛੋਟੀਆਂ ਤਾਨਾਂ) ਔਖੀਆਂ ਪੈਂਦੀਆਂ ਨੇਂ। ਮੈਨੂੰ ਖਿਝ ਆਉਂਦੀ ਏ, ਮੈਂ ਤੱਤਾ ਬੋਲ ਦੇਨਾਂ। ਹੁਣ ਮੈਂ ਬੁੱਢਾ ਪਿਆ ਹੋਨਾਂ। ਸੱਠਾਂ ਤੋਂ ਟੱਪਿਆ ਖਲ੍ਹਾਂ। ਖਪਣ ਨਹੀਂ ਹੁੰਦਾ। ਏਸ ਲਈ ਕਿਸੇ ਨੂੰ ਨਹੀਂ ਦੱਸਦਾ। ਦਿਓਧਰ ਸਾਹਿਬ ਨੂੰ ਮੇਰੀ ਜਿਭ (ਜੀਭ) ਦੀ ਕੁੜੱਤਣ ਜਰਨੀ ਪੈਣੀ ਏ। ਤਿਆਰ ਨੇਂ ਤਾਂ ਜ਼ਰੂਰ ਬਰ ਜ਼ਰੂਰ ਸਿਖਾਵਾਂਗਾ।" ਖ਼ਾਨ ਸਾਹਿਬ ਪਘਰ ਕੇ ਰੋਵਣ ਲੱਗ ਪਏ। ਥੋੜੀ ਚੁੱਪ ਮਗਰੋਂ ਕਹਿਣ ਲੱਗੇ, "ਚੋਖੇ ਸ਼ਾਗਿਰਦ ਨਹੀਂ ਕੀਤੇ ਮੈਂ। ਜੇਹਨਾਂ ਦੋਂਹ-ਚਹੁੰ ਨੂੰ ਦੱਸਿਆ ਏ, ਉਹਨਾਂ ਕਦੀਂ ਭੁੱਲ ਕੇ ਵੀ ਮੇਰਾ ਨਾਂ ਨਹੀਂ ਲਿਆ। ਮੇਰੀਆਂ ਚੀਜ਼ਾਂ ਨੂੰ ਪਿਉ ਚਾਚੇ ਤੋਂ ਲਈਆਂ ਦੱਸਦੇ ਨੇਂ। ਅਜਿਹਾ ਹਾਂਹ (ਦਿਲ) ਸੜਿਆ ਕਿ ਕਿਸੇ ਨੂੰ ਲਾਗੇ ਨਹੀਂ ਲਾਇਆ ਮੁੜ ਕੇ। ਅਨਪੜ੍ਹ ਆਂ। ਜੋ ਕੁਝ ਹੈ ਮੇਰੇ ਕੋਲ਼, ਸਾਰਾ ਚੇਤਾ ਈ ਏ। ਸੈਂਕੜੇ ਚੀਜ਼ਾਂ ਆਉਂਦੀਆਂ ਸਨ। ਪਰ ਵਰ੍ਹਿਆਂ ਦੀ ਬੇਧਿਆਨੀ ਤੇ ਬੇਰਿਆਜ਼ਤੀ ਪਾਰੋਂ ਵਿਸਰਦੀਆਂ ਜਾਂਦੀਆਂ ਨੇਂ।" ਲੰਮੀ ਚੁੱਪ ਮਗਰੋਂ ਮੁੜ ਛਿੜ ਪਏ, "ਦਿਓਧਰ ਸਾਹਿਬ ਤੁਹਾਨੂੰ ਮੇਰਾ ਵਿਸ਼ਵਾਸ ਏ। ਪਤਾ ਏ ਤੁਸੀਂ ਮੈਨੂੰ ਪਾਗਲ ਯਾਂ ਸ਼ੁਦਾਈ ਨਹੀਂ ਸਮਝਦੇ। ਤੁਹਾਡੇ ਸ਼ਾਗਿਰਦ ਵੀ ਮੇਰੀ ਇੱਜ਼ਤ ਕਰਦੇ ਨੇਂ। ਤਾਹੀਉਂ ਆ ਜਾਨਾਂ। ਤੁਸੀਂ ਹੋਏ ਵੀ ਸਾਡੇ ਗਵਾਲੀਅਰ ਘਰਾਣੇ ਦੇ। ਕਾਰਾ (ਵਾਅਦਾ) ਰਹਿਆ ਭਲ਼ਕ ਤੋਂ ਰੋਜ਼ ਆਵਾਂ ਕਰਾਂਗਾ। ਜੋ ਚਾਹੋਗੇ ਕਰਵਾ ਦਿਆ ਕਰਾਂਗਾ।"



ਖ਼ਾਨ ਸਾਹਿਬ ਆਪਣਾ ਕਾਰਾ ਪੂਰਾ ਕੀਤਾ ਤੇ ਅਗਲੀ ਸਵੇਲ (ਸਵੇਰ) ਸਕੂਲੇ ਆ ਗਏ। ਉਹਨੀਂ ਦਿਨੀਂ ਮੈਨੂੰ ਅਛੋਪ ਰਾਗਾਂ ਦੀਆਂ ਚੀਜ਼ਾਂ ਦੀ ਭਾਲ਼ ਰਹਿੰਦੀ ਸੀ। ਮੈਂ ਉਹਨਾਂ ਨੂੰ ਅਜਿਹੀਆਂ ਚੀਜ਼ਾਂ ਕਰਾਵਣ ਦੀ ਈ ਫ਼ਰਮੈਸ਼ ਪਾਈ, ਨਾਲ਼ ਏਹ ਵੀ ਆਖਿਆ, "ਮੈਂ ਆਪਣੇ ਢੰਗ ਨਾਲ਼ ਚੱਲਣਾ ਏ। ਤੁਸੀਂ ਮੈਨੂੰ ਪੂਰੇ ਬੋਲ ਲਿਖਾ ਦਿਓ। ਫੇਰ ਹਰ ਸਤਰ ਸਹਿਜ ਨਾਲ਼ ਪੰਜ ਛੇ ਵਾਰ ਗੰਵੋਂ। ਮੈਂ ਨੋਟੇਸ਼ਨ (ਸਵਰ ਲਿੱਪੀ) ਕਰ ਲੈਸਾਂ। ਪੂਰੀ ਹੁੰਦਿਆਂ ਸਾਰ ਮੈਂ ਤੁਹਾਨੂੰ ਗਾ ਕੇ ਸੁਣਾ ਦੇਸਾਂ। ਮੈਂ ਜਤਨ (ਹੀਲਾ, ਕੋਸ਼ਿਸ਼, ਯਤਨ) ਕਰਸਾਂ ਤੁਹਾਡੇ ਵਾਕਣ ਈ ਸਾਰੇ ਕਣ (ਮਿਠਾਸ ਦੀ ਮਿਕਦਾਰ) ਲਾ ਕੇ ਗਾਵਾਂ। ਕਿਤੇ ਕੋਈ ਭੁੱਲ-ਚੁੱਕ ਰਹਿ ਜਾਏ ਤਾਂ ਦੱਸਿਆ ਜੇ। ਫੇਰ ਵੀ ਤੁਹਾਨੂੰ ਸੂਤ ਨਾ ਜਾਪੇ ਤਾਂ ਜੀਵੇਂ ਚਾਹੋ, ਉਂਜ ਈ ਸਿੱਖ ਲੈਸਾਂ।"

ਖ਼ਾਨ ਸਾਹਿਬ ਨੋਟੇਸ਼ਨ ਰਾਹੀਂ ਸਿੱਖਣ-ਸਿਖਾਣ ਨਹੀਂ ਸਨ ਮੰਨਦੇ। ਤਾਂ ਵੀ ਕੋਈ ਉਜ਼ਰ ਨਾ ਕੀਤ ਨੇਂ। ਉਹਨਾਂ ਮੇਰੇ ਆਖੇ ਮੂਜਬ ਹਰ ਸਤਰ ਪੰਜ ਛੇ ਵਾਰ ਦੁਹਰਾਈ। ਉਹਨਾਂ ਜੀਵੇਂ-ਜੀਵੇਂ ਆਖਿਆ ਮੈਂ ਸਗਵਾਂ ਉਤਾਰ ਲਿਆ। ਮੁੜ ਗੌਂ ਕੇ ਵੀ ਸੁਣਾ ਦਿੱਤਾ। ਮਜਾਲ ਏ ਕੋਈ ਸਜਾਵਟ ਯਾਂ ਹਰਕਤ ਵੀ ਖ਼ੁੰਝੀ ਹੋਵੇ। ਆਖਣ ਲੱਗੇ, "ਦਿਓਧਰ ਸਾਹਿਬ ਤੁਹਾਨੂੰ ਸਿਖਾਣਾ ਤੇ ਬੜਾ ਈ ਸੌਖਾ ਕੰਮ ਏ। ਮੈਂ ਤੁਹਾਡੀ ਏਸ ਲਿਖਾਈ ਨੂੰ ਤੇ ਨਹੀਂ ਮੰਨਦਾ। ਪਰ ਏਹ ਵਾਹਵਾ ਚੰਗੀ ਸ਼ੈ ਏ। ਸਾਨੂੰ ਤੇ ਇਕ ਸ਼ੈ ਪਕਾਵਣ ਤੇ ਹਫ਼ਤਿਆਂ ਦੇ ਹਫ਼ਤੇ ਲੱਗ ਜਾਂਦੇ ਸਨ। ਤੁਸਾਂ ਸੁਖਾਲ਼ਿਆਂ ਈ ਪੰਦਰਾਂ ਮਿੰਟਾਂ ਵਿੱਚ ਸਿੱਖ ਕੇ ਸੁਣਾ ਵੀ ਦਿੱਤਾ। ਮੈਨੂੰ ਤੁਹਾਡੇ ਨਾਲ਼ ਖਿਝਣਾ ਖਪਣਾ ਨਾ ਪੈਂਸੀ। ਮੈਂ ਨਿਸਚਾ ਕਰ ਲਿਆ ਏ ਤੁਹਾਨੂੰ ਦੱਸਣ ਦਾ। ਦੱਸੋ ਹੋਰ ਕੇਹੜੀ ਕੇਹੜੀ ਸ਼ੈ ਪੁੱਛਣੀ ਜੇ।"

ਖ਼ਾਨ ਸਾਹਿਬ ਦਾ ਪਿਆਰ ਮੇਰੇ ਨਾਲ਼ ਦਿਨੋ-ਦਿਨੀਂ ਵਧਦਾ ਗਿਆ। ਜੇਹੜੀਆਂ ਬੰਦਸ਼ਾਂ ਨੂੰ ਤਰਸਦਿਆਂ ਆਹ ਵੇਲਾ ਆ ਗਿਆ ਸੀ, ਹੁਣ ਬਿਨਾਂ ਖੱਜਲ-ਖ਼ਰਾਬੇ ਦੇ ਮੈਨੂੰ ਮਿਲਣ ਲੱਗ ਪਈਆਂ ਸਨ।

ਮੈਂ ਨੋਟੇਸ਼ਨ ਦੀ ਜੇਹੜੀ ਗੱਲ ਦੱਸੀ ਏ, ਉਥੋਂ ਏਹ ਨਾ ਸਮਝਿਆ ਜੇ ਪਈ ਸੰਗੀਤ ਸਿੱਖਿਆ ਦਾ ਸਾਰਾ ਕੰਮ ਈ ਏਸ ਨੋਟੇਸ਼ਨ ਰਾਹੀਂ ਹੋ ਜਾਂਦਾ ਏ। ਉੱਕਾ ਇੰਜ ਨਹੀਂ। ਨੋਟੇਸ਼ਨ ਦੀ ਜੇਹੜੀ ਵਰਤੋਂ ਕਰਕੇ ਮੈਂ ਖ਼ਾਨ ਸਾਹਿਬ ਦਾ ਗਾਣਾ ਗਾ ਲਿਆ ਉਹਦੇ ਪਿੱਛੇ ਮੇਰੀ ਢੇਰ ਘਾਲਣਾ ਸੀ। ਮੈਂ ਖ਼ਾਨ ਸਾਹਿਬ ਦੇ ਗਾਣੇ ਦਾ ਵੀ ਢੇਰ ਜਾਣੂ ਸਾਂ। ਉਹਨਾਂ ਦੀਆਂ ਨਿੱਕੀਆਂ-ਨਿੱਕੀਆਂ ਸ਼ੈਵਾਂ ਦਾ ਮੈਨੂੰ ਪੂਰਾ ਗਿਆਨ ਸੀ। ਦੂਜਾ ਨੋਟੇਸ਼ਨ ਦੇ ਨਾਲ਼-ਨਾਲ਼ ਮੈਂ ਆਪਣੇ ਕੋਡ ਵੀ ਬਣਾਏ ਹੋਏ ਸਨ, ਜੇਹਨਾਂ ਤੋਂ ਮੈਂ ਲੈ ਦੀਆਂ ਬਾਰੀਕੀਆਂ ਵੀ ਚੇਤੇ ਕਰ ਲੈਂਦਾ ਸਾਂ। ਨਹੀਂ ਤਾਂ ਨੋਟੇਸ਼ਨਟ ਭਾਵੇਂ ਲੱਖ ਆਉਂਦੀ ਹੋਵੇ, ਉਸਤਾਦ ਦੀ ਲੋੜ ਹਰ ਪੱਖੋਂ ਈ ਰਹਿੰਦੀ ਏ।

ਬੰਬਈ ਦੇ ਦੂਜੇ ਗਵੱਈਏ ਖ਼ਾਨ ਸਾਹਿਬ ਨੂੰ ਪਾਗਲ ਸ਼ਰਾਬੀ ਤੇ ਕਲੈਹਣਾ ਗਵੱਈਆ ਆਖ ਕੇ ਪਾਸਾ ਵੱਟ ਜਾਂਦੇ ਸਨ। ਮੇਰੀ ਉਹਨਾਂ ਨਾਲ਼ 23-24 ਵਰ੍ਹਿਆਂ ਦੀ ਵਾਕਫ਼ੀ ਸੀ, ਮੈਨੂੰ ਅਜੇਹੀ ਕੋਈ ਗੱਲ ਵੀ ਵਖਾਲ਼ੀ ਨਹੀਂ ਸੀ ਦਿੱਤੀ। ਉਹ ਢੇਰ ਰੌਸ਼ਨ ਦਿਮਾਗ਼ ਹੁਸ਼ਨਾਕ ਤੇ ਖੁੱਲ ਵਾਲ਼ੀ ਡੱਕਰ ਹਸਤੀ ਸਨ। ਵੱਡਿਆਂ ਗਵੱਈਆਂ ਵਾਕਣ ਉਹਨਾਂ ਦਾ ਵੀ ਆਪਣਾ ਵੱਖਰਾ ਰੌਂ ਸੀ। ਇਕ ਸਵੇਰੇ ਸਕੂਲ ਆਏ ਤਾਂ ਪੰਜਾਬਣਾਂ ਵਾਲ਼ਾ ਵੱਡਾ ਸਾਰਾ ਝੱਗਾ ਪਾਇਆ ਹੋਨੇਂ। ਦੋ ਚਾਰ ਦਿਨ ਇੰਜ ਈ ਝੱਗੇ ਵਿੱਚ ਫਿਰਦੇ ਰਹੇ। ਮੁ